ISSN 0972-2335

# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | E-Magazine

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
Then Baba (Nanak) returned to Kartarpur where he put aside his attire of a Recluse.
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।
Now putting on a householder's dress, he sat splendidly on a cot (and executed his mission).
ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
He made the Ganges flow in opposite direction because he choose Angad for heading the people (in preference to his sons).
ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।
The sons did not obey the commands and their minds turned hostile and unstable.
ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।
When Baba uttered hymns, the light would spread and darkness dispell.
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
Discussions for the sake of knowledge and the melodies of unstruck sound were ever heard there.
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
Sodar and Arati were sung and in the ambrosial hours Japu was recited.
ਗੁਰਮੁਖਿ ਭਾਰਿ ਅਥਰਬਣਿ ਤਾਰਾ ॥੩੮॥
The Gurmukh (Nanak) saved the people from the clutches of tantra, mantra and Atharvaveda.

## ਨਵੰਬਰ ੨੦੨੪

**ਸੰਪਾਦਕ**

**ਡਾ. ਜਾਗੀਰ ਸਿੰਘ**



## ਖੁਦੀ, ਦਵੈਤ, ਹੰਕਾਰ ਨੇ ਮਾਰ ਸੁਟਿਆ

ਸਾਡੀ ਰਹਿਣੀ ਇੱਕੋ, ਸਾਡੀ ਬਹਿਣੀ ਇੱਕੋ,
ਇੱਕੋ ਵਕਤ ਹੈ ਜਾਗਣਾ ਸੌਣ ਇੱਕੋ ।

ਇੱਕੋ ਤਰ੍ਹਾਂ ਦੇ ਹਨ ਸਬੰਧ ਸਾਡੇ,
ਫੇਰ ਦੇਖ ਲਉ ਪੀਣ ਤੇ ਖਾਣ ਇੱਕੋ ।

ਆਂਦੇ ਬੰਦਿਆਂ ਨੂੰ ਦੇਖ ਖੁਸ਼ ਹੋਣਾਂ,
ਜਾਂਦੀ ਵਾਰ ਸਭਨਾ ਦਾ ਹੈ ਰੋਣ ਇੱਕੋ ।

ਰੱਬ ਬੰਦਗੀ ਨੂੰ ਸਭ ਚਾਹਵੰਦੇ ਨੇ,
ਗੁਸਲ ਕਰਨ, ਇਸ਼ਨਾਨ ਤੇ ਨ੍ਹਾਉਣ ਇੱਕੋ ।

ਪਤਾ ਨਹੀਂ ਇਹ ਕਿਥੋਂ ਦਵੈਤ ਆ ਗਈ,
ਪਾੜ ਪਾੜ ਕੀਤੇ ਅੱਡੋ ਅੱਡ ਸਾਨੂੰ ।

ਖੁਦੀ, ਦਵੈਤੀ ਹੰਕਾਰ ਨੇ ਘੇਰ ਲਿਆ,
ਸ਼ੁਭ ਕਰਮ ਨੇ ਦੂਰ ਗਏ ਛੱਡ ਸਾਨੂੰ ।

**ਪੁਸਤਕ - ਗੁੱਝੀਆਂ ਰਮਜ਼ਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ



**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.**

**ਸਹਿਯੋਗੀ**

**ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ,**

**ਅਤੇ ਸ. ਅਰਸ਼ਦੀਪ ਸਿੰਘ**


- ❖ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤੁ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

- ❖ 'ਅੰਮ੍ਰਿਤੁ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:


**ਅੰਮ੍ਰਿਤੁ ਕੀਰਤਨ ਟ੍ਰਸਟ (ਰਜਿ.)**

**#422, ਸੈਕਟਰ 15-ਏ, ਚੰਡੀਗੜ੍ਹ [160015]**

**ਫੋਨ: 0172-2772660, +91-98140-53630**

**e-mail:** drjagirsingh@gmail.com
**Website:** http://www.amritkirtan.com


# ਇਸ ਅੰਗ ਵਿੱਚ


**ਸੰਪਾਦਕੀ: ਕਰਉ ਬੇਨੰਤੀਆ**
ਮਨੁ ਹਾਲੀ ਕਿਰਸਾਣੀ ਕਰਣੀ....1

**ਗੁਰਮਤਿ ਸੰਗੀਤ ਦੇ ਬਾਨੀ ਗੁਰੂ ਨਾਨਕ**
ਡਾ. ਗੁਰਨਾਮ ਸਿੰਘ....4

**ਸਲੋਕ ਭੀ ਮਹਲੇ ਪਹਿਲੇ ਕੇ ਲਿਖੇ**
ਪ੍ਰੋ. ਰਾਇਦੀਪ ਸਿੰਘ....9

**ਅੰਤਰਰਾਸ਼ਟਰੀ ਕੀਰਤਨ ਕਾਨਫਰੰਸ ੨੦੨੪**
ਅਰਸ਼ਦੀਪ ਸਿੰਘ....14

**Bhai Joginder Singh and Bhai Mohinder Singh (Hazoor Sahib)**
Dr. Amardev Singh....25

**ਰਾਗ ਸ਼ੁੱਧ ਕਲਿਆਣ**
ਪ੍ਰੋ. ਗੁਰਬਖਸ਼ ਸਿੰਘ....29

**ਰਾਗ ਆਸਾ**
ਪ੍ਰੋ. ਹਰਭਜਨ ਸਿੰਘ ਧਾਰੀਵਾਲ....31

**ਚਕਰਦਾਰ ਗਤਾਂ - ਤਿੰਨ ਤਾਲ**
ਪ੍ਰੋ. ਹਰਭਜਨ ਸਿੰਘ ਧਾਰੀਵਾਲ....35


Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027 Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are: **AMRIT KIRTAN TRUST** Savings Bank A/c No. **65079603302**, IFSC: **SBIN0018141** in the State Bank of India, Phase 3B2, S.A.S Nagar (Mohali), Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਮਨੁ ਹਾਲੀ ਕਿਰਸਾਣੀ ਕਰਣੀ

ਪਿਛਲੇ ਦਿਨੀਂ ਜੇਮਸ ਐਲਨ ਦੀ ਪੁਸਤਕ ਪੜ੍ਹ ਰਿਹਾ ਸਾਂ 'AS A MAN THINKETH' ਇਹ ਪੁਸਤਕ 1907 ਵਿੱਚ ਛਪੀ ਸੀ। ਪ੍ਰੇਰਨਾਦਾਇਕ ਸਾਹਿਤ ਵਿੱਚ ਇਸ ਪੁਸਤਕ ਦਾ ਅਹਿਮ ਸਥਾਨ ਹੈ।ਇਸ ਦਾ ਮੂਲ ਵਿਚਾਰ ਇਹ ਹੈ ਕਿ – ਆਦਮੀ ਦਾ ਦਿਮਾਗ ਇੱਕ ਬਗੀਚੇ ਵਾਂਗ ਹੁੰਦਾ ਹੈ ਜਿਸ ਵਿੱਚ ਸਿਆਣਪ ਨਾਲ ਖੇਤੀ ਕਰਨੀ ਚਾਹੀਦੀ ਹੈ।ਜੇ ਅਣਗਹਿਲੀ ਵਰਤੀ ਜਾਵੇ ਤਾਂ ਇਸ ਵਿੱਚ ਬੇਲੋੜਾ ਘਾਸ–ਫੂਸ ਉਗ ਪਵੇਗਾ ਜਿਹੜਾ ਸਾਡੀ ਫਸਲ ਨੂੰ ਖਰਾਬ ਕਰ ਦੇਵੇਗਾ।----ਕਿਰਸਾਣੀ ਨਾਲ ਸਬੰਧਤ ਕਈ ਹਵਾਲੇ ਇਸ ਪੁਸਤਕ ਵਿੱਚ ਦਿੱਤੇ ਗਏ ਹਨ।-----ਜੇ ਦਿਮਾਗ ਵਿੱਚ ਲੋੜੀਂਦੇ ਬੀਜ ਨਹੀਂ ਬੀਜਾਂਗੇ ਅਤੇ ਰਖਵਾਲੀ ਨਹੀਂ ਕਰਾਂਗੇ ਤਾਂ ਉੱਥੇ ਬਹੁਤ ਸਾਰੇ ਬੇਕਾਰ ਬੀਜ ਡਿਗ ਪੈਣਗੇ ਤੇ ਬੇਲੋੜੇ ਪੌਦੇ ਉੱਗ ਜਾਂਣਗੇ।---ਇਸੇ ਤਰ੍ਹਾਂ ਹਰ ਵਿਚਾਰ ਬੀਜ ਵਾਂਗ ਹੁੰਦਾ ਹੈ ਜੋ ਦਿਮਾਗ ਰੂਪੀ ਖੇਤ ਵਿੱਚ ਉਗ ਪੈਂਦਾ ਹੈ ਅਤੇ ਸਾਡੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਹੈ। ਲੇਖਕ ਦਾ ਵਿਚਾਰ ਹੈ ਕਿ ਸਾਡੇ ਜੀਵਨ ਦੀ ਖੁਸ਼ਹਾਲੀ ਜਾਂ ਬਦਹਾਲੀ ਸਾਡੀ ਲਗਾਤਾਰ ਕੀਤੀ ਜਾਂਦੀ ਸੋਚਣੀ ਤੇ ਨਿਰਭਰ ਕਰਦੀ ਹੈ ।

ਗੁਰਬਾਣੀ ਵਿੱਚ ਵੀ ਕਿਰਸਾਣੀ ਦਾ ਦ੍ਰਿਸ਼ਟਾਂਤ ਭਰਪੂਰ ਰੂਪ ਵਿੱਚ ਪ੍ਰਯੁਕਤ ਹੋਇਆ ਹੈ ਜਿਹੜਾ ਸਾਡੀ ਸੋਚਣ ਦੀ ਪ੍ਰਕਿਰਿਆ ਨੂੰ ਸਮਝਣ ਵਿੱਚ ਸਹਾਇਤਾ ਕਰਦਾ ਹੈ।

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
ਭਾਉ ਕਰਮੁ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥ (595)

Make your mind the farmer, good deeds the farm, modesty the water, and your body the field.
Let the Lord's Name be the seed, contentment the plow, and your humble dress the fence.
Doing deeds of love, the seed shall sprout, and you shall see your home flourish. (595)

ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ॥
ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ॥
ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ॥ (166)

The farmers love to work their farms;
they plow and work the fields, so that their sons and daughters may eat.

In just the same way, the Lord's humble servants chant the Name of the Lord, Har, Har, and in the end, the Lord shall save them. ||1|| (166)

ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ॥
ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ॥
ਸਭੁ ਕੋ ਬੀਜੈ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ॥
ਗੁਰ ਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ॥
ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ॥
ਕਿਰਸਾਣੀ ਜੰਮੀ ਭਾਉ ਕਰਿ ਹਰਿ ਬੋਹਲ ਬਖਸ ਜਮਾਇਆ॥
ਤਿਨ ਕਾ ਕਾੜਾ ਅੰਦੇਸਾ ਸਭੁ ਲਾਇਓਨੁ ਜਿਨੀ ਸਤਿਗੁਰੁ ਪੁਰਖ ਧਿਆਇਆ॥
ਜਨ ਨਾਨਕ ਨਾਮੁ ਅਰਾਧਿਆ ਆਪਿ ਤਰਿਆ ਸਭੁ ਜਗਤੁ ਤਰਾਇਆ॥ (304)

Everyone is the field of the Lord God; the Lord Himself cultivates this field. The Gurmukh grows the crop of forgiveness, while the self-willed Manmukh loses even his roots.
They all plant for their own good, but the Lord causes to grow only that field with which He is pleased.
The GurSikh plants the seed of the Lord's Ambrosial Nectar, and obtains the Lord's Ambrosial Naam as his Ambrosial Fruit.
The mouse of Death is continually gnawing away at the crop, but the Creator Lord has beaten it off and driven it away.
The farm was successful, by the Love of the Lord, and the crop was produced by God's Grace.
He has removed all the burning and anxiety of those who have meditated on the True Guru, the Primal Being.
O servant Nanak! One who worships and adores the Naam, the Name of the Lord, swims across, and saves the whole world as well. ||1|| (304)

ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ॥
ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ॥ (19)

The True Lord Himself knows all; He makes no mistakes. He is the Great Farmer of the Universe.
First, He prepares the ground, and then He plants the Seed of the True Name. (19)

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥(23)
Make this body the field, and plant the seed of good actions. Water it with the Name of the Lord, who holds all the world in His Hands.
Let your mind be the farmer; the Lord shall sprout in your heart, and you shall attain the state of Nirvana. ||1|| (23)

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥
ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ॥(24)
Make good deeds the soil, and let the Word of the Shabad be the seed; irrigate it continually with the water of Truth.
Become such a farmer, and faith will sprout. This brings knowledge of heaven and hell, you fool! ||1||

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ॥
ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ॥(1104)
The body is a village, and the soul is the owner and farmer; the five farm-hands live there.
The eyes, nose, ears, tongue and sensory organs of touch ((farmers) do not obey any order. ||1||(1104)

ਗੁਰਬਾਣੀ ਵਿੱਚ ਗੁਰਬਾਣੀਕਾਰਾਂ ਨੇ ਕਿਰਸਾਣ ਸ਼ਬਦ ਨੂੰ ਭਿੰਨ ਭਿੰਨ ਪ੍ਰਤੀਕਾਂ, ਦ੍ਰਿਸ਼ਟਾਂਤਾਂ ਲਈ ਪ੍ਰਯੋਗ ਕਰਦਿਆਂ ਅਧਿਆਤਮ ਦੇ ਮਹਾਨ ਰਹੱਸਾਂ ਨੂੰ ਆਤਮਸਾਤ ਕਰਾਉਣ ਦਾ ਜਤਨ ਕੀਤਾ ਹੈ। ਮੈਂ ਗੁਰਬਾਣੀ ਦਾ ਅਨੰਦ ਮਾਣਨ ਲਈ ਪਹਿਲਾਂ ਪਾਠ ਕਰਦਾ ਹਾਂ ਫਿਰ ਉਸੇ ਤੁਕ ਦੇ ਅੰਗਰੇਜ਼ੀ ਵਿੱਚ ਅਰਥ ਪੜ੍ਹਦਾ ਹਾਂ ਤੇ ਫਿਰ ਦੁਬਾਰਾ ਪਾਠ ਕਰਦਾ ਹਾਂ। ਇੰਜ ਕਰਦਿਆਂ ਮੈਨੂੰ ਗੁਰਬਾਣੀ ਵਧੇਰੇ ਸਮਝ ਆਉਂਦੀ ਹੈ। ਹਰ ਕੋਈ ਆਪਣੇ ਆਪਣੇ ਸੁਭਾਅ ਅਨੁਸਾਰ ਗੁਰਬਾਣੀ ਨੂੰ ਸਮਝਣ ਅਤੇ ਅਗਵਾਈ ਲੈਣ ਲਈ ਜਤਨ ਕਰਦਾ ਹੈ ।

**ਭੁੱਲ ਚੁੱਕ ਖਿਮਾ**

**ਜਾਗੀਰ ਸਿੰਘ**

# ਗੁਰਮਤਿ ਸੰਗੀਤ ਦੇ ਬਾਨੀ ਗੁਰੂ ਨਾਨਕ

ਡਾ. ਗੁਰਨਾਮ ਸਿੰਘ

ਵਿਸ਼ਵ ਵਿਚ ਵਿਲੱਖਣ ਸੰਗੀਤ ਪਰੰਪਰਾ ਵਜੋਂ ਉਜਾਗਰ ਹੋ ਰਹੀ ਗੁਰਮਤਿ ਸੰਗੀਤ ਪਰੰਪਰਾ ਦਾ ਆਰੰਭ ਗੁਰੂ ਨਾਨਕ ਪਾਤਿਸ਼ਾਹ ਦੁਆਰਾ ਹੋਇਆ। ਆਪ ਨੇ ਆਪਣਾ ਸੰਦੇਸ਼ ਸਭ ਲੋਕਾਈ ਤੱਕ ਸੰਚਰਿਤ ਕਰਨ ਲਈ ਸ਼ਬਦ ਤੇ ਸੰਗੀਤ ਦੀ ਸੰਮਿਲਤ ਜੁਗਤ ਅਪਣਾਈ ਜੋ ਸਿੱਖ ਧਰਮ ਵਿਚ ਸ਼ਬਦ ਕੀਰਤਨ ਦੇ ਰੂਪ ਵਿਚ ਉਜਾਗਰ ਹੋਈ। ਸੁਲਤਾਨਪੁਰ ਲੋਧੀ ਦੀ ਧਰਤ ਇਸ ਪ੍ਰਥਾਇ ਪਾਵਨ ਤੇ ਪਵਿੱਤਰ ਹੈ ਜਿੱਥੋਂ ਸਤਿਗੁਰ ਨੇ ਲੋਕਾਈ ਸੋਧਣ ਲਈ ਉਦਾਸੀਆਂ ਦਾ ਪ੍ਰਾਰੰਭ ਕੀਤਾ। ਅਕਾਲ ਰੂਪੀ ਗੁਰੂ ਨਾਨਕ ਸਾਹਿਬ ਨੇ ਆਪਣਾ ਸੰਗੀ ਮਰਦਾਨਾ ਰਬਾਬੀ ਚੁਣਿਆ ਜਿਸ ਦਾ ਪਰਿਚੈ ਭਾਈ ਗੁਰਦਾਸ ਨੇ "ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ" ਵਜੋਂ ਦਿੱਤਾ ਹੈ।" ਭਾਈ ਮਰਦਾਨਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਕਟਵਰਤੀ ਸਾਥੀ, ਅਨਿਨ ਸੇਵਕ, ਰਬਾਬੀ ਤੇ ਪ੍ਰਥਮ ਸਿੱਖ ਸੀ। ਅਸਧਾਰਣ ਪ੍ਰਤਿਭਾ ਵਾਲੇ ਇਸ ਵਿਅਕਤੀ ਦੀ ਸ਼ਖ਼ਸੀਅਤ ਦਾ ਅੰਦਾਜ਼ਾ ਸਿੱਖ ਇਤਿਹਾਸ ਤੋਂ ਭਲੀ-ਭਾਂਤ ਲੱਗ ਜਾਂਦਾ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਮਰਦਾਨਾ ਹੀ ਬਾਣੀ ਦਾ ਪ੍ਰਥਮ ਸਰੋਤਾ ਤੇ ਪ੍ਰਥਮ ਵਾਦਕ ਹੈ। ਮਰਦਾਨਾ ਵੱਖ ਵੱਖ ਉਦਾਸੀਆਂ ਸਮੇਂ ਗੁਰੂ ਨਾਨਕ ਸਾਹਿਬ ਦੇ ਨਾਲ ਹੀ ਨਹੀਂ ਰਿਹਾ ਸਗੋਂ ਆਪ ਨੇ ਸਧਾਰਣ ਮਨੁੱਖ ਜਿਗਿਆਸੂ ਵਜੋਂ ਸਿੱਖ ਧਰਮ ਦੀ ਸਥਾਪਨਾ ਤੇ ਪ੍ਰਸਾਰ ਵਿਚ ਵਿਸ਼ੇਸ਼ ਭੂਮਿਕਾ ਨਿਭਾਈ ਹੈ।

ਡਾ. ਬਲਬੀਰ ਸਿੰਘ ਦੇ ਸ਼ਬਦਾਂ ਵਿਚ ਮਰਦਾਨਾ ਸੰਕੇਤ ਹੈ ਉਸ ਹੁਨਰ ਦਾ ਜਿਸ ਨੇ ਕਲਯੁਗ ਉੱਤੇ ਫਤਹਿ ਪਾਉਣੀ ਹੈ ਉਹ ਪਹਿਲਾ ਆਦਮੀ ਸੀ ਜਿਸ ਦਾ ਮਨ ਗੁਰੂ ਨੇ ਸਵਰ ਬ੍ਰਹਮ ਨਾਲ ਵਿਭੂਸ਼ਤ ਕਰ ਦਿੱਤਾ ਸੀ। ਮਰਦਾਨਾ ਸੇਵਕ ਸੀ, ਸਿੱਖ ਸੀ, ਚੇਲਾ ਸੀ, ਰਾਗੀ ਸੀ, ਰਬਾਬੀ ਸੀ ਪਰ ਜੋ ਕੁਝ ਵੀ ਸੀ ਉਹ ਇਸ ਗੱਲ ਦਾ ਮਾਣ ਜ਼ਰੂਰ ਰੱਖਦਾ ਸੀ ਕਿ ਗੁਰੂ ਦਾ ਦੋਸਤ ਹੈ।

ਖਾਨਦਾਨੀ ਮਿਰਾਸੀ ਹੋਣ ਕਰਕੇ ਭਾਈ ਮਰਦਾਨੇ ਨੂੰ ਗਾਇਨ ਪ੍ਰਤਿ ਮੋਹ ਵਿਰਾਸਤੀ ਸੰਸਕਾਰਾਂ ਦੇ ਰੂਪ ਵਿਚ ਪ੍ਰਾਪਤ ਹੋਇਆ। ਭਾਈ ਮਰਦਾਨੇ ਨੇ ਭਾਈ ਫਿਰੰਦਾ ਤੋਂ ਸੰਗਤਿ ਸਿੱਖਿਆ ਪ੍ਰਾਪਤ ਕੀਤੀ। ਭਾਈ ਫਿਰੰਦਾ ਤੋਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਸ਼ੇਸ਼ ਕਿਸਮ ਦੀ ਰਬਾਬ ਤਿਆਰ ਕਰਵਾਈ। ਰਬਾਬ ਸਫ਼ਰ ਕਰਨ ਵਾਲੇ ਸੈਲਾਨੀਆਂ ਦਾ ਪ੍ਰਿਯ ਪ੍ਰਵਾਣਿਤ ਸਾਜ਼ ਹੈ ਜੋ ਧੁਨ ਦੇ ਨਾਲ ਨਾਲ ਲੈਅ ਦੇਣ ਵਿਚ ਵੀ ਸਹਾਈ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਬਾਣੀ ਅਵਤਰਣ ਦਾ ਇਸ ਬ੍ਰਹਿਮੰਡੀ ਜਗਤ ਵਿਚ ਪ੍ਰਵੇਸ਼ ਦਾ ਵਿਸ਼ਿਸ਼ਟ ਮਾਧਿਅਮ ਸੰਗੀਤ ਹੀ ਸੀ। ਪੁਰਾਤਨ ਜਨਮਸਾਖੀ ਵਿਚ ਗੁਰੂ ਸਾਹਿਬ ਮਰਦਾਨੇ ਨੂੰ ਕਹਿੰਦੇ ਹਨ : "ਮਰਦਾਨਿਆ ਸਬਦੁ ਚਿਤਿ ਕਰਿ, ਤਉ ਬਾਝਹੁ ਬਾਣੀ ਸਰਿ ਨਾਹੀ ਆਵਦੀ, ਮਰਦਾਨਿਆ ਰਬਾਬ ਵਜਾਇ।" ਮਰਦਾਨੇ ਦੁਆਰਾ ਰਬਾਬ ਦੀ ਸੰਗਤਿ ਵਿਚ ਗੁਰੂ ਨਾਨਕ ਦੇਵ ਜੀ ਜਦੋਂ 'ਧੁਰ ਕੀ ਬਾਣੀ' ਦਾ ਗਾਇਨ ਕਰਦੇ ਸਹਿਜੇ ਹੀ ਜਿਗਿਆਸੂ ਸਰੋਤੇ ਗੁਰੂ ਬਾਬੇ ਦੁਆਲੇ ਇਕੱਤਰ ਹੁੰਦੇ ਹਨ। ਉਪਦੇਸ਼ ਦੀ ਇਸ ਪ੍ਰਕਿਰਿਆ ਦੀਆਂ ਅਨੇਕ ਪਰਤਾਂ ਬਾਣੀ ਦੇ ਸੰਚਾਰ ਪ੍ਰਬੰਧ ਦਾ ਹਿੱਸਾ ਹਨ। ਕੇਵਲ ਸੰਗੀਤਕ ਜੁਗਤ ਉੱਤੇ ਹੀ ਕੇਂਦਰਿਤ ਰਹੀਏ ਤਾਂ

ਸਪੱਸ਼ਟ ਹੈ ਕਿ ਗੁਰਮਤਿ ਸੰਗੀਤ ਪ੍ਰਬੰਧ ਦੀ ਸਿਧਾਂਤਕਤਾ ਦੇ ਬੀਜ ਇੱਥੇ ਹੀ ਪਏ ਜਾਪ ਰਹੇ ਹਨ, ਜਿਹੜੇ ਬਾਅਦ ਵਿਚ ਸੰਸਥਾਗਤ ਰੂਪ ਵਿਚ ਮੌਲੇ ਤੇ ਵਿਗਸੇ।

ਗੁਰੂ ਨਾਨਕ ਆਪਣੀ ਬਾਣੀ ਨੂੰ ਖਸਮ ਕੀ ਬਾਣੀ ਆਖਦੇ ਹਨ ਅਤੇ ਆਪਣੇ ਆਪ ਨੂੰ ਸਾਇਰ ਢਾਢੀ ਦੇ ਰੂਪ ਵਿਚ ਪੇਸ਼ ਕਰਦੇ ਹਨ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਬਾਣੀ ਦੇ ਰਚਨਹਾਰੇ ਹੋਣ ਦੀ ਹਉ ਤੋਂ ਨਿਰਲੇਪ ਰਹਿੰਦਿਆਂ ਆਪਣੇ ਆਪ ਨੂੰ 'ਖਸਮ ਕੀ ਬਾਣੀ ਦਾ ਸੰਚਾਰ ਕਰਨ ਵਾਲੇ ਪ੍ਰਸਤੁਤਕਾਰ ਦੇ ਰੂਪ ਵਿਚ ਚਿਤਵਦੇ ਹਨ।

ਸਤਿਗੁਰ ਜਗਤ ਉਦਾਰ ਲਈ ਜਿੱਥੇ ਵੀ ਗਏ ਉਨ੍ਹਾਂ ਸ਼ਬਦ ਕੀਰਤਨ ਦੀ ਰਾਗਾਤਮਕ ਧੁਨੀ ਦੁਆਰਾ ਵੱਖ ਵੱਖ ਇਲਾਕਿਆਂ, ਜਾਤਾਂ, ਸ਼੍ਰੇਣੀਆਂ ਤੇ ਵਿਭਿੰਨ ਸਭਿਆਚਾਰ ਦੇ ਲੋਕ ਸਮੂਹਾਂ ਨੂੰ ਉਪਦੇਸ਼ ਦਿੱਤਾ। ਸ਼ਬਦ ਕੀਰਤਨ ਦਾ ਰਾਗਾਤਮਕ ਗਾਇਨ ਅਤੇ ਇਸ ਨਾਲ ਰਬਾਬ ਦਾ ਵਾਦਨ ਗੁਰਮਤਿ ਸੰਗੀਤ ਦੀ ਗਾਇਨ ਤੇ ਵਾਦਨ ਪਰੰਪਰਾ ਦੇ ਆਰੰਭ ਦਾ ਅਧਾਰ ਬਣਿਆ ਜਿਸ ਨੂੰ ਬਾਕੀ ਗੁਰੂ ਸਾਹਿਬਾਨ ਅਤੇ ਸਿੱਖ ਸੰਗਤਾਂ ਨੇ ਇਕ ਵਿਸ਼ਾਲ ਸੰਗੀਤਕ ਪਰੰਪਰਾ ਵਜੋਂ ਵਿਕਸਿਤ ਕੀਤਾ ਜਿਸ ਦੇ ਵਿਸ਼ਵ ਪੱਧਰੀ ਪਸਾਰੇ ਉੱਤੇ ਅਸੀਂ ਅੱਜ ਮਾਣ ਕਰ ਰਹੇ ਹਾਂ। ਇਸ ਪ੍ਰਸੰਗ ਵਿਚ ਗੁਰਮਤਿ ਸੰਗੀਤ ਪ੍ਰਤੀ ਗੁਰੂ ਨਾਨਕ ਦੇਵ ਜੀ ਦੇ ਬੁਨਿਆਦੀ ਯੋਗਦਾਨ ਦੀ ਸਿਫਤ ਸਲਾਹ ਸਾਡੇ ਇਸ ਰਚਨਾ ਦਾ ਵਿਸ਼ਾ ਹੈ।

ਸ਼ਬਦ ਕੀਰਤਨ ਦੇ ਵਿਕਾਸ ਲਈ ਕਰਤਾਰਪੁਰ ਸਾਹਿਬ (ਪਾਕਿਸਤਾਨ) ਪ੍ਰਥਮ ਕੀਰਤਨ ਕੇਂਦਰ ਵਜੋਂ ਉਜਾਗਰ ਹੋਇਆ ਜਿੱਥੇ ਸਵੇਰੇ ਸ਼ਾਮ ਸ਼ਬਦ ਕੀਰਤਨ ਦਾ ਗਾਇਨ ਕੀਤਾ ਜਾਂਦਾ ਸੀ। "ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ।" ਗੁਰਮਤਿ ਸੰਗੀਤ ਦੀਆਂ ਕੀਰਤਨ ਚੌਕੀਆਂ ਦਾ ਆਰੰਭਿਕ ਰੂਪ ਇਹੋ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਵਿਭਿੰਨ ਮੁੱਖ ਰਾਗਾਂ ਅਤੇ ਰਾਗ ਪ੍ਰਕਾਰਾਂ ਦੇ ਅੰਤਰਗਤ ਉਪਲਬ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਕੇਦਾਰਾ, ਭੈਰਉ , ਬਸੰਤ, ਸਾਰੰਗ, ਮਲ੍ਹਾਰ, ਪ੍ਰਭਾਤੀ ਮੁੱਖ ਰਾਗਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਤਰ੍ਹਾਂ ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫੀ, ਵਡਹੰਸ ਦਖਣੀ, ਸੂਹੀ ਕਾਫੀ, ਬਿਲਾਵਲ ਦਖਣੀ, ਰਾਮਕਲੀ ਦਖਣੀ, ਮਾਰੂ ਕਾਫੀ, ਮਾਰੂ ਦਖਣੀ, ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ ਰਾਗ ਮਿਸ਼ਰਤ ਰਾਗਾਂ ਵਜੋਂ ਦ੍ਰਿਸ਼ਟੀ ਗੋਚਰ ਹੁੰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਅਰਾ ਰਚਿਤ ਬਾਣੀ ਰਾਗਾਂ ਅਤੇ ਰਾਗ ਪ੍ਰਕਾਰਾਂ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਪ ਨੇ ਪ੍ਰਚੱਲਿਤ ਸ਼ਾਸਤਰੀ ਰਾਗਾਂ, ਦੇਸੀ ਰਾਗਾਂ ਤੋਂ ਇਲਾਵਾ ਅਪ੍ਰਚੱਲਿਤ 26 ਰਾਗਾਂ ਵਿਚ ਵੀ ਬਾਣੀ ਦੀ ਰਚਨਾ ਕੀਤੀ। ਆਪ ਦੁਆਰਾ ਰਚਿਤ ਮਹੱਤਵਪੂਰਨ ਬਾਣੀ

ਰਚਨਾਵਾਂ ਇਸ ਪ੍ਰਕਾਰ ਹਨਃ ਜਪੁ, ਪੱਟੀ (ਰਾਗ ਆਸਾ), ਓਂਕਾਰ (ਰਾਗ ਰਾਮਕਲੀ), ਸਿੱਧ ਗੋਸਟਿ (ਰਾਗ ਰਾਮਕਲੀ), ਬਾਰਹਮਾਹ (ਰਾਗ ਤੁਖਾਰੀ), ਵਾਰਾਂ (ਰਾਗ, ਮਾਝ, ਆਸਾ ਅਤੇ ਮਲ੍ਹਾਰ) ਆਦਿ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ ਗੁਰਮਤਿ ਸੰਗੀਤ ਨੂੰ ਦਿੱਤੀ ਇਸ ਮਹਾਨ ਦੇਣ ਸਦਕਾ ਇਸ ਸੰਗੀਤ ਪੱਧਤੀ ਦਾ ਅਰੰਭ ਹੋਇਆ ਜਿਸ ਦੀ ਵਿਸ਼ਿਸ਼ਟਤਾ ਅਤੇ ਮੌਲਿਕਤਾ ਨੂੰ ਧਿਆਨ ਵਿਚ ਰੱਖਦੇ ਹੋਏ ਅਗਲੇ ਸਿੱਖ ਗੁਰੂਆਂ ਨੇ ਵੀ ਇਸ ਦੇ ਵਿਕਾਸ ਕ੍ਰਮ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ।

ਬਾਨੀ, ਪ੍ਰੋਫ਼ੈਸਰ ਅਤੇ ਮੁਖੀ,
ਗੁਰਮਤਿ ਸੰਗੀਤ ਚੇਅਰ,
ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਲੋਕ ਭੀ ਮਹਲੇ ਪਹਿਲੇ ਕੇ ਲਿਖੇ

ਪ੍ਰੋ. ਰਾਇਦੀਪ ਸਿੰਘ

ਉਪਰੋਕਤ ਸਿਰਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਆਸਾ ਦੀ ਵਾਰ ਦੇ ਆਰੰਭ ਵਿੱਚ ਆਉਂਦਾ ਹੈ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਦਿੱਤਾ ਗਿਆ ਹੈ। ਗੁਰਬਾਣੀ ਦੀ ਬੇਸਿਕ ਜਾਣਕਾਰੀ ਰੱਖਣ ਵਾਲਾ ਹਰ ਗੁਰਸਿੱਖ ਜਾਣਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ 22 ਵਾਰਾਂ ਹਨ। 22 ਵਾਰਾਂ ਦੇ ਵਿੱਚੋਂ ਰਾਗ ਰਾਮਕਲੀ ਦੇ ਵਿੱਚ ਸੱਤੇ ਬਲਵੰਡ ਦੀ ਵਾਰ ਅਤੇ ਬਸੰਤ ਕੀ ਵਾਰ ਦੋ ਵਾਰਾਂ ਐਸੀਆਂ ਹਨ ਜਿਨਾਂ ਦੇ ਵਿੱਚ ਸਲੋਕ ਦਰਜ ਨਹੀਂ ਹਨ। ਵਿਦਵਾਨਾਂ ਦਾ ਮੰਨਣਾ ਹੈ ਕਿ ਜਿਹੜੀਆਂ ਬਾਕੀ 20 ਵਾਰਾਂ ਹਨ ਉਹਨਾਂ ਦੇ ਵਿੱਚ ਜਿਹੜੇ ਸਲੋਕ ਦਰਜ ਕੀਤੇ ਗਏ ਹਨ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੇ ਗਏ ਹਨ। ਉਪਰੋਕਤ ਸਿਰਲੇਖ “ਸਲੋਕ ਭੀ ਮਹਲੇ ਪਹਿਲੇ ਕੇ ਲਿਖੇ” ਦੇ ਸੰਬੰਧ ਵਿੱਚ ਵਿਦਵਾਨਾਂ ਦਾ ਇਹ ਕਹਿਣਾ ਹੈ ਕਿ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸੰਪਾਦਨਾ ਦਾ ਕਾਰਜ ਕਰ ਰਹੇ ਸਨ ਤਾਂ ਉਨਾਂ ਨੇ ਜਿੱਥੇ ਹੋਰ ਵਾਰਾਂ ਦੇ ਵਿੱਚ ਸਲੋਕ ਦਰਜ ਕੀਤੇ ਉਸੇ ਤਰ੍ਹਾਂ ਆਸਾ ਦੀ ਵਾਰ ਦੇ ਵਿੱਚ ਵੀ ਮਹਲੇ ਪਹਿਲੇ ਕੇ ਸਲੋਕ ਦਰਜ ਕਰ

ਦਿੱਤੇ ਅਤੇ ਸਿਰਲੇਖ ਦੇ ਦਿੱਤਾ “ਸਲੋਕ ਭੀ ਮਹਲੇ ਪਹਿਲੇ ਕੇ ਲਿਖੇ”। ਅਸਲ ਵਿੱਚ ਵਿਦਵਾਨ ਉਪਰੋਕਤ ਸਿਰਲੇਖ ਤੋਂ ਇਹ ਅਰਥ ਲੈਂਦੇ ਹਨ ਕਿ ਜਿੱਥੇ ਇਹ ਵਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ਉਥੇ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਵਾਰ ਵਿੱਚ ਸਲੋਕ ਭੀ ਮਹਿਲੇ ਪਹਿਲੇ ਕੇ ਲਿਖ ਦਿੱਤੇ ਜੋ ਕਿ ਸੱਚ ਨਹੀਂ ਹੈ ਕਿਉਂਕਿ ਜਦੋਂ ਅਸੀਂ ਆਸਾ ਕੀ ਵਾਰ ਦਾ ਪਾਠ ਕਰਦੇ ਹਾਂ ਤਾਂ ਉੱਥੇ  ਮਹਲੇ ਪਹਿਲੇ ਦੇ ਨਾਲ ਨਾਲ ਮਹਲੇ ਦੂਜੇ ਦੇ ਸਲੋਕ ਵੀ ਆਉਂਦੇ ਹਨ। ਇਸ ਹਿਸਾਬ ਨਾਲ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਦੀ ਥਾਂ ਤੇ ਸਿਰਲੇਖ ਸਲੋਕ ਮਹਲੇ ਪਹਿਲੇ ਕੇ ਅਤੇ ਦੂਜੇ ਕੇ ਹੋਣਾ ਚਾਹੀਦਾ ਸੀ।

ਹੁਣ ਅਸੀਂ ਆਪਣੇ ਮੁੱਖ ਵਿਸ਼ੇ ਤੇ ਆਉਂਦੇ ਹਾਂ ਕਿ ਉਪਰੋਕਤ ਸਿਰਲੇਖ “ਸਲੋਕ ਭੀ ਮਹਲੇ ਪਹਿਲੇ ਕੇ ਲਿਖੇ” ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿਉਂ ਲਿਖਣਾ ਪਿਆ?

ਇਸ ਸਿਰਲੇਖ ਦਾ ਜਵਾਬ ਸਿਰਲੇਖ ਦੇ ਵਿੱਚ ਹੀ ਹੈ ਜੋ ਕਿ ਬੜਾ ਸਰਲ ਅਤੇ ਸਪਸ਼ਟ ਹੈ। ਇਹ ਸਿਰਲੇਖ ਲਿਖ ਕੇ ਸ਼੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਇਹ ਦੱਸ ਰਹੇ ਹਨ ਕਿ ਭਾਈ ਗੁਰਸਿੱਖੋ! ਇਹ ਸੱਚ ਹੈ ਕਿ ਹੋਰ ਵਾਰਾਂ ਦੇ ਵਿੱਚ ਸਲੋਕ ਭਾਵੇਂ ਅਸੀਂ ਦਰਜ ਕੀਤੇ ਹਨ ਪਰ ਆਸਾ ਕੀ ਵਾਰ

ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ਉੱਥੇ ਇਸ ਵਿਚਲੇ ਸਲੋਕ ਭੀ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਹੀ ਲਿਖ ਕੇ ਗਏ ਹਨ। ਹਾਂ! ਮਹਲਾ ਦੂਜਾ ਦੇ ਸਲੋਕ ਜਰੂਰ ਅਸੀਂ ਦਰਜ ਕੀਤੇ ਹਨ।

ਇਸ ਸਿਰਲੇਖ ਨੂੰ ਸਮਝਣ ਦਾ ਦੂਸਰਾ ਨੁਕਤਾ ਇਹ ਹੈ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ "ਭੀ" ਸ਼ਬਦ ਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ ਜਦੋਂ ਕਿਸੇ ਖਾਸ ਗੱਲ ਵੱਲ ਧਿਆਨ ਦਿਵਾਉਣਾ ਹੋਵੇ ਜਾਂ ਜਦੋਂ ਕਿਸੇ ਗੱਲ ਉੱਤੇ ਖਾਸ ਜ਼ੋਰ ਦਿੱਤਾ ਜਾਂਦਾ ਹੈ। ਹੁਣ ਜਦੋਂ ਸਿਰਲੇਖ ਵਿਚਲੇ "ਸਲੋਕ ਭੀ" ਸ਼ਬਦਾਂ ਦੇ ਉੱਤੇ ਅਸੀਂ ਆਪਣੀ ਨਿਗਹਾ ਕੇਂਦਰਿਤ ਕਰਾਂਗੇ ਤਾਂ ਸਿੱਧੇ ਜਿਹੇ ਅਰਥ ਆਪਣੇ ਆਪ ਹੋ ਜਾਂਦੇ ਹਨ ਕਿ ਆਸਾ ਕੀ ਵਾਰ ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ਉੱਥੇ ਸਲੋਕ ਭੀ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਵਿੱਚ ਦਰਜ ਕੀਤੇ ਹਨ ਭਾਵ ਲਿਖੇ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸਿਰਲੇਖ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਹਲਾ ਦੂਜਾ ਦੇ ਸਲੋਕਾਂ ਦਾ ਜ਼ਿਕਰ ਕਿਉਂ ਨਹੀਂ ਕੀਤਾ?

ਅਸਲ ਵਿੱਚ ਆਸਾ ਕੀ ਵਾਰ ਵਿੱਚ ਮਹਲਾ ਦੂਜਾ ਦੇ ਸਲੋਕ ਉਵੇਂ ਹੀ ਆਏ ਹਨ ਜਿਵੇਂ ਹੋਰ ਵਾਰਾਂ ਦੇ ਵਿੱਚ ਅਲੱਗ ਅਲੱਗ ਗੁਰੂ ਸਾਹਿਬਾਨਾਂ ਦੇ। ਉਦਾਹਰਨ ਦੇ ਤੌਰ ਤੇ ਸ੍ਰੀ ਰਾਗ ਕੀ ਵਾਰ ਮਹਲਾ ਚੌਥਾ ਦੀ ਰਚਨਾ

ਹੈ ਪਰ ਇਸ ਵਿੱਚ ਮਹਲਾ ੧, ੨ ਅਤੇ ੩ ਦੇ ਸਲੋਕ ਵੀ ਦਰਜ ਹਨ ਪਰ ਸਿਰਲੇਖ ਵਿੱਚ ਗੁਰੂ ਸਾਹਿਬ ਨੇ ਇਸ ਦਾ ਜ਼ਿਕਰ ਨਹੀਂ ਕੀਤਾ ਬਲਕਿ ਇੰਨਾ ਹੀ ਲਿਖਿਆ ਕਿ "ਸ੍ਰੀ ਰਾਗ ਕੀ ਵਾਰ ਮਹਲਾ ੪ ਸਲੋਕਾ ਨਾਲ"। ਇਸੇ ਕਰਕੇ ਆਸਾ ਕੀ ਵਾਰ ਦੇ ਵਿੱਚ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਰਲੇਖ ਅਧੀਨ ਮਹਲਾ ਦੂਜਾ ਦੇ ਸਲੋਕਾਂ ਦਾ ਜ਼ਿਕਰ ਕਰਨਾ ਜਰੂਰੀ ਨਹੀਂ ਸਮਝਿਆ।

ਸੋ ਸਪਸ਼ਟ ਹੈ ਕਿ ਜਿੱਥੇ ਆਸਾ ਕੀ ਵਾਰ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ ਉੱਥੇ ਸਲੋਕ ਭੀ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਆਪਣੇ ਹੱਥਾਂ ਦੇ ਨਾਲ ਵਿਚ ਦਰਜ ਕੀਤੇ। ਕਹਿਣ ਤੋਂ ਭਾਵ ਹੈ ਕਿ ਜਿਹੜੀ ਗੁਰਬਾਣੀ ਦੀ ਪੋਥੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਅੰਤਿਮ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੰਭਾਲੀ ਸੀ ਉਸ ਪੋਥੀ ਦੇ ਵਿੱਚ ਜਿਹੜੀ ਆਸਾ ਦੀ ਵਾਰ ਦਰਜ ਸੀ ਉਸ ਵਿੱਚ ਮਹਲਾ ਪਹਿਲਾ ਦੇ ਸਲੋਕ ਪਹਿਲਾਂ ਤੋਂ ਹੀ ਦਰਜ ਸਨ।

ਆਸਾ ਦੀ ਵਾਰ ਸਬੰਧੀ ਕੁਝ ਜਰੂਰੀ ਗੱਲਾਂ :

1. ਆਸਾ ਕੀ ਵਾਰ ਵਿਚਲੇ ਸਲੋਕ ਗੁਰੂ ਨਾਨਕ ਦੇਵ ਜੀ ਨੇ ਆਪ ਲਿਖੇ ਜਦੋਂ ਕਿ ਹੋਰਨਾਂ ਵਾਰਾਂ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ।

2. ਇੱਕ ਆਸਾ ਦੀ ਵਾਰ ਹੀ ਹੈ ਜਿਸ ਦਾ ਕੀਰਤਨ ਗੁਰੂ ਕਾਲ ਤੋਂ ਹੀ ਗੁਰੂ ਦਰਬਾਰ ਵਿੱਚ ਹੁੰਦਾ ਆ ਰਿਹਾ ਹੈ।

3. ਗੁਰੂ ਗ੍ਰੰਥ ਸਾਹਿਬ ਵਿੱਚ ਕੁੱਲ 22 ਵਾਰਾਂ ਹਨ ਪਰ ਸੰਪੂਰਨ ਮੂਲ ਮੰਤਰ ਸਿਰਫ ਆਸਾ ਦੀ ਵਾਰ ਦੇ ਸਿਰਲੇਖ ਉੱਤੇ ਹੀ ਹੈ।

4. ਗੁਰੂ ਅਰਜਨ ਦੇਵ ਜੀ ਤੱਕ ਆਸਾ ਦੀ ਵਾਰ ਵਿੱਚ ਸਿਰਫ ਮਹਲੇ ਪਹਿਲੇ ਦੇ ਸਲੋਕ ਦਰਜ ਸਨ।

ਅੱਸਿਸਟੈਂਟ ਪ੍ਰੋਫੈਸਰ, ਮਯੂਜ਼ਿਕ ਵੋਕਲ
ਬੀ.ਏ.ਐਮ ਖਾਲਸਾ ਕਾਲਜ, ਗੜ੍ਹਸ਼ੰਕਰ
**ਸੰਪਰਕ:** +91-98727-36587

# ਅੰਤਰਰਾਸ਼ਟਰੀ ਕੀਰਤਨ ਕਾਨਫਰੰਸ ੨੦੨੪

ਅਰਸ਼ਦੀਪ ਸਿੰਘ

Nād Music Institute (ਯੂ.ਐਸ.ਏ.) ਅਤੇ ਭਾਈ ਵੀਰ ਸਿੰਘ ਚੇਅਰ, ਪੰਜਾਬੀ ਯੂਨੀਵਰਸਿਟੀ (ਪਟਿਆਲਾ) ਦੇ ਸਾਂਝੇ ਉਪਰਾਲੇ ਸਦਕਾ ੨੨, ੨੩, ਅਤੇ ੨੪ ਅਕਤੂਬਰ ੨੦੨੪ ਨੂੰ ਇੱਕ ਅੰਤਰਰਾਸ਼ਟਰੀ ਕੀਰਤਨ ਕਾਨਫਰੰਸ ਆਯੋਜਿਤ ਕੀਤੀ ਗਈ ।

ਇਸ ਕਾਨਫਰੰਸ ਵਿੱਚ ਗੁਰਬਾਣੀ ਸੰਗੀਤ ਦੇ ਵੱਖ-ਵੱਖ ਵਿਸ਼ਿਆਂ ਉੱਤੇ ਗੱਲਬਾਤ ਹੋਈ। ਇਹ ਕਾਨਫਰੰਸ ਭਾਈ ਹੀਰਾ ਸਿੰਘ ਜੀ ਰਾਗੀ ਨੂੰ ਸਮਰਪਿਤ ਕੀਤੀ ਗਈ । ਇਸ ਕਾਨਫਰੰਸ ਵਿੱਚ ੨੦ ਤੋਂ ਵੱਧ ਰੀਸਰਚ ਪੇਪਰ ਪੇਸ਼ ਕੀਤੇ ਗਏ, ਜਿੰਨਾਂ ਵਿੱਚੋਂ ੯ ਪੇਪਰ ਬੀਬੀਆਂ ਦੁਆਰਾ ਲਿਖੇ ਗਏ ਹਨ । ਪੰਥ ਦੀਆਂ ਸਿਰਮੌਰ ਸ਼ਖਸੀਅਤਾਂ ਜਿਵੇਂ ਡਾ. ਹਰਜਿੰਦਰ ਸਿੰਘ ਲਾਲੀ, ਸ. ਅਨੁਰਾਗ ਸਿੰਘ, ਡਾ. ਹਰਭਜਨ ਸਿੰਘ, ਪ੍ਰੋ. ਹਰਭਜਨ ਸਿੰਘ ਧਾਰੀਵਾਲ, ਡਾ. Francesca Cassio ਵੱਲੋਂ ਇਸ ਕਾਨਫਰੰਸ ਵਿੱਚ ਆਪਣੇ ਪੇਪਰ ਪੇਸ਼ ਕੀਤੇ ਗਏ । ਇਸ ਕਾਨਫਰੰਸ ਦਾ ਮਕਸਦ ਸੰਗਤ ਨੂੰ

ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀਆਂ ਵੱਖ-ਵੱਖ ਗਾਇਨ ਸ਼ੈਲੀਆਂ ਨਾਲ ਜਾਣੂ ਕਰਵਾਉਣ ਸੀ । ਇਸ ਕਾਨਫਰੰਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਾਗ, ਘਰ ਦਾ ਸਿਧਾਂਤ, ਧੁਨੀਆਂ, ਛੰਤ, ਪਉੜੀਆਂ, ਪੜਤਾਲਾਂ, ਕਾਵਿ ਰਚਨਾਵਾਂ, ਅਤੇ ਗੁਰਬਾਣੀ ਸੰਗੀਤ ਘਰਾਣਿਆਂ ਨੂੰ ਛੂਹਿਆ ਹੈ ।

ਇਹ ਕਾਨਫਰੰਸ ਹਾਇਬ੍ਰਿਡ ਮੋਡ ਵਿੱਚ ਆਯੋਜਿਤ ਕੀਤੀ ਗਈ ਸੀ। ਪੰਜਾਬੀ ਯੂਨੀਵਰਸਿਟੀ ਦੇ ਨਾਲ-ਨਾਲ ੧੨ ਦੇਸ਼ਾਂ ਦੀ ਸੰਗਤ ਇਸ ਨੂੰ ਆਪਣੇ-ਆਪਣੇ ਸਥਾਨਾਂ ਉੱਤੇ Zoom App ਤੋਂ ਸਰਵਣ ਕਰ ਰਹੀਆਂ ਸਨ ।

ਡਾ. ਜਸਵਿੰਦਰ ਸਿੰਘ ਜੀ (ਇੰਚਾਰਜ ਭਾਈ ਵੀਰ ਸਿੰਘ ਚੇਅਰ) ਨੇ ਡਾਇਰੈਕਟਰ ਵਜੋਂ ਅਤੇ ਡਾ. ਮਨਜੀਤ ਸਿੰਘ ਜੀ ਨੇ ਕੋ-ਡਾਇਰੈਕਟਰ ਵਜੋਂ ਇਸ ਕਾਨਫਰੰਸ ਦੀ ਕਮਾਨ ਸੰਭਾਲੀ । ਇਸ ਕਾਨਫਰੰਸ ਵਿੱਚ ਭਾਈ ਹੀਰਾ ਸਿੰਘ ਜੀ ਰਾਗੀ ਦੇ ਪੜਪੋਤੇ, ਸ. ਦਿਵਜਯੋਤ ਸਿੰਘ ਜੀ ਉਪਸਥਿਤ ਰਹੇ । ਸ. ਦਿਵਜਯੋਤ ਸਿੰਘ ਅਲਾਯਾ ਐਡਵੋਕੇਟਸ ਦੇ ਡਾਇਰੈਕਟਰ ਹਨ । 'The Story of

Sikhs' ਦੇ ਲੇਖਕ ਅਤੇ ਗੁਰਮਤਿ ਸੰਗੀਤ ਪ੍ਰੋਜੈਕਟ ਦੇ ਸੰਸਥਾਪਕ ਸ. ਸਰਬਜੋਤ ਸਿੰਘ ਜੀ ਵੀ ਇਸ ਕਾਨਫਰੰਸ ਵਿੱਚ ਉਪਸਥਿਤ ਰਹੇ । ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਨਿੰਦਰ ਸਿੰਘ ਜੀ ਨੇ ਵੀ ਕੀਰਤਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਓਹਨਾਂ ਨੂੰ ਵਿਸ਼ੇਸ਼ ਸਨਮਾਨ ਵੀ ਦਿੱਤਾ ਗਿਆ ।

ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਮੁਖੀ ਡਾ. ਗੁਰਨਾਮ ਸਿੰਘ ਜੀ ਨੇ ਵੀ ਇਸ ਕਾਨਫਰੰਸ ਵਿੱਚ ਗੁਰਬਾਣੀ ਸੰਗੀਤ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ, ਓਹਨਾਂ ਕਿਹਾ ਕਿ ਸਾਨੂੰ ਹਰ ਪ੍ਰਕਾਰ ਦੀਆਂ ਕੀਰਤਨ ਸ਼ੈਲੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ । ਰਬਾਬ-ਏ-ਰੁਹਾਨੀਅਤ ਦੇ ਸੰਸਥਾਪਕ ਸ. ਕਰਨਵੀਰ ਸਿੰਘ ਸਿਬਿਆ ਵੀ ਇਸ ਕਾਨਫਰੰਸ ਵਿੱਚ ਮੌਜੂਦ ਰਹੇ ।

ਵੱਖ-ਵੱਖ ਰਿਸਰਚ ਪੇਪਰ ਨਿਵੇਕਲੇ ਵਿਸ਼ਿਆਂ ਉੱਤੇ ਪੇਸ਼ ਕੀਤੇ ਗਏ । ਡਾ. ਤਜਿੰਦਰ ਪਾਲ ਸਿੰਘ ਜੀ ਨੇ ਗੁਰਬਾਣੀ ਸੰਗੀਤ ਵਿੱਚ ਪੜਤਾਲਾਂ ਬਾਰੇ ਖੋਜ ਕੀਤੀ ਅਤੇ ਸੰਗਤਾਂ ਦੇ ਸਾਹਮਣੇ ਪੜਤਾਲਾਂ ਦੀ ਪੇਸ਼ਕਾਰੀ ਵੀ ਦਿੱਤੀ । ਅਮਰੀਕਾ ਵਿੱਚ ਹੋਣ ਵਾਲੇ ਸਾਲਾਨਾ

ਸਮਾਗਮ 'ਗਾਵਨੀ', ਜਿਸ ਵਿੱਚ ਬੀਬੀਆਂ ਰਾਗ-ਆਧਾਰਿਤ ਕੀਰਤਨ ਕਰਦੀਆਂ ਹਨ, ਓਹਨਾਂ ਦੇ ਇੱਕ ਮੈਂਬਰ ਨਵਪ੍ਰੀਤ ਕੌਰ ਵੱਲੋਂ ਵੀ ਖੋਜ ਪੇਸ਼ ਕੀਤੀ ਗਈ । ਸਿੱਖ ਰਿਸਰਚ ਇੰਸਟੀਟਯੂਟ (SIkhRi) ਅਤੇ The Guru Granth Sahib Project ਦੇ ਵੱਖ-ਵੱਖ ਖੋਜਾਰਥੀਆਂ ਵੱਲੋਂ ਆਪਣੇ ਪੇਪਰ ਪੇਸ਼ ਕੀਤੇ ਗਏ । SikhNet ਦੇ ਪ੍ਰਬੰਧਕ ਨਿਰਦੇਸ਼ਕ Ek Ong Kaar Kaur Khalsa Michaud ਵੱਲੋਂ ਵੀ ਆਪਣੀ ਖੋਜ ਪੇਸ਼ ਕੀਤੀ ਗਈ, ਜਿਸ ਵਿੱਚ ਇਹ ਦੱਸਿਆ ਗਿਆ ਕਿ ਜਦੋਂ ਤੋਂ SikhNet ਸ਼ੁਰੂ ਹੋਇਆ, ਉਦੋਂ ਤੋਂ ਲੈਕੇ ਹੁਣ ਤਕ ਕੀਰਤਨ ਨੂੰ ਕਿਵੇਂ ਸੰਗਤਾਂ ਨੂੰ ਕਿਸ ਜਰੀਏ ਰਾਹੀਂ ਪਹੁੰਚਾਇਆ ਜਾ ਰਿਹਾ ਹੈ । SikhNet ਦੇ Gurbani Media Centre – Web ਯਾ Mobile App ਰਾਹੀਂ ਸੰਗਤਾਂ ਕੀਰਤਨ ਦਾ ਆਨੰਦ ਮਾਣ ਸਕਦੀਆਂ ਹਨ। ਹਾਲ ਹੀ ਵਿੱਚ 'Diamonds of Eternity: Gurbani Classics' ਐਲਬਮ ਸੰਗਤਾਂ ਨੂੰ ਭੇਂਟ ਕੀਤੀ ਗਈ ਜਿਸ ਵਿੱਚ ਭਾਈ ਗੁਰਚਰਨ ਸਿੰਘ ਜੀ, ਭਾਈ ਅਵਤਾਰ ਸਿੰਘ ਜੀ, ਭਾਈ ਸਾਧੂ ਸਿੰਘ ਜੀ, ਭਾਈ ਗੁਰਮੇਲ ਸਿੰਘ ਜੀ ਅਤੇ ਹੋਰ ਕੀਰਤਨੀਆਂ ਦੀਆਂ ਪੁਰਾਤਨ ਕੀਰਤਨ Recordings ਉਪਲਬਧ ਹਨ।

ਇਸ ਤੋਂ ਅਲਾਵਾ ਗੁਰਮਤਿ ਸੰਗੀਤ ਚੇਅਰ ਅਤੇ ਸੰਗੀਤ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੁਖੀ ਡਾ. ਅਲੰਕਾਰ ਸਿੰਘ ਜੀ ਵੀ ਇਸ ਕਾਨਫਰੰਸ ਵਿੱਚ ਮੌਜੂਦ ਰਹੇ । ਕਾਨਫਰੰਸ ਦੇ ਪਹਿਲੇ ੨ ਦਿਨ ਸ਼ਾਮ ਦੇ ਕੀਰਤਨ ਦਰਬਾਰ ਵੀ ਪੰਜਾਬੀ ਯੂਨੀਵਰਸਿਟੀ ਕੈਂਪਸ ਦੇ ਗੁਰਦੁਆਰਾ ਸਾਹਿਬ ਵਿਖੇ ਉਲੀਕੇ ਗਏ, ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀਆਂ ਵੱਲੋਂ ਕੀਰਤਨ ਕੀਤਾ ਗਿਆ। ਪਹਿਲੇ ਦਿਨ ਡਾ. ਅਲੰਕਾਰ ਸਿੰਘ ਜੀ ਅਤੇ ਭਾਈ ਗੁਰਮੀਤ ਸਿੰਘ ਜੀ ਸ਼ਾਂਤ ਨੇ ਕੀਰਤਨ ਕੀਤਾ ਅਤੇ ਦੂਜੇ ਦਿਨ ਭਾਈ ਸਤਨਿੰਦਰ ਸਿੰਘ ਜੀ ਬੋਦਲ ਅਤੇ ਭਾਈ ਕੁਲਤਾਰ ਸਿੰਘ ਜੀ ਸਪੁੱਤਰ ਭਾਈ ਅਵਤਾਰ ਸਿੰਘ ਜੀ ਦਿੱਲੀ ਅਤੇ ਭਾਈ ਸਵਰਨ ਸਿੰਘ ਜੀ ਨੇ ਕੀਰਤਨ ਕੀਤਾ ।

ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਦੇ ਸਾਬਕਾ ਨਿਰਦੇਸ਼ਕ ਡਾ. ਹਰਭਜਨ ਸਿੰਘ ਜੀ ਨੇ ਵੀ ਕੀਰਤਨ ਅਤੇ ਗੁਰਬਾਣੀ ਸੰਗੀਤ ਬਾਰੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ । ਪ੍ਰੋ. ਹਰਭਜਨ ਸਿੰਘ ਜੀ ਧਾਰੀਵਾਲ ਵੱਲੋਂ ਵੀ ਗੁਰਬਾਣੀ ਸੰਗੀਤ ਦੀ ਪੁਰਾਤਨ ਪਰੰਪਰਾ ਉੱਤੇ ਖੋਜ ਪੇਸ਼ ਕੀਤੀ ਗਈ ।

ਲਹਿੰਦੇ ਪੰਜਾਬ (ਪਾਕਿਸਤਾਨ) ਦੇ ਭਾਈ ਗੁਲਾਮ ਮੁਹੰਮਦ 'ਚਾਂਦ' ਦੇ ਸ਼ਗਿਰਦ ਅਤੇ ਵਕੀਲ ਬੀਬੀ ਸਲੀਮਾ ਖਵਾਜਾ ਵੱਲੋਂ ਵੀ ਗੁਰਬਾਣੀ ਕੀਰਤਨ ਅਤੇ ਰਾਗਾਂ ਉੱਤੇ ਖੋਜ ਪੇਸ਼ ਕੀਤੀ ਗਈ ।






ਭਾਈ ਕੁਲਤਾਰ ਸਿੰਘ ਜੀ ਅਤੇ ਭਾਈ ਸਵਰਨ ਸਿੰਘ ਜੀ ਨੂੰ ਇਸ ਕਾਨਫਰੰਸ ਦੇ ਆਖਰੀ ਦਿਨ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ ।

ਭਾਈ ਕੁਲਤਾਰ ਸਿੰਘ ਜੀ ਨੇ ਦੱਸਿਆ ਕਿ ਜਦੋਂ ਕੋਈ ਓਹਨਾਂ ਨੂੰ ਇਹ ਕਹਿੰਦਾ ਹੈ ਕਿ ਭਾਈ ਸਵਰਨ ਸਿੰਘ ਜੀ ਤੁਹਾਡੇ ਨਾਲ ਕੀਰਤਨ ਕਰਦੇ ਹਨ ਤਾਂ ਉਹ ਕਹਿੰਦੇ ਹਨ ਕਿ ਇਹ ਸਾਡੇ ਨਾਲ ਨਹੀਂ, ਅਸੀਂ ਇਹਨਾਂ ਨਾਲ ਕੀਰਤਨ ਕਰਦੇ ਹਾਂ । ਤੀਜੀ ਪੀੜ੍ਹੀ ਨਾਲ ਜੋੜੀ ਦੀ ਸੇਵਾ ਨਿਭਾ ਰਹੇ (ਭਾਈ ਜਵਾਲਾ ਸਿੰਘ ਠੱਠਾ ਟਿੱਬਾ ਵਾਲੇ, ਭਾਈ ਅਵਤਾਰ ਸਿੰਘ ਜੀ ਭਾਈ ਗੁਰਚਰਨ ਸਿੰਘ ਜੀ, ਅਤੇ ਹੁਣ ਭਾਈ ਕੁਲਤਾਰ ਸਿੰਘ ਜੀ) ਭਾਈ ਸਵਰਨ ਸਿੰਘ ਜੀ ਮਹਾਰਾਜ ਦੀ ਕਿਰਪਾ ਸਦਕਾ ੮੭ ਸਾਲ ਦੇ ਹੋ ਚੁੱਕੇ ਹਨ । ਜ਼ਿਕਰਯੋਗ ਹੈ ਕਿ ਭਾਈ ਸਵਰਨ ਸਿੰਘ ਜੀ ਪੰਜਾਬ ਬਾਜ਼ ਦੇ ਸਭ ਤੋਂ ਵੱਧ ਉਮਰ ਦੇ ਵਾਦਕ (Exponent) ਹਨ।

ਇਹ ਕਾਨਫਰੰਸ ਵਿਦਵਾਨਾਂ ਅਤੇ ਗੁਰਬਾਣੀ ਸੰਗੀਤ ਅਤੇ ਕੀਰਤਨ ਨੂੰ ਪਿਆਰ ਕਰਨ ਵਾਲੀਆਂ ਸੰਗਤਾਂ ਦੀਆਂ ਅਸੀਸਾਂ ਸਦਕਾ ਸਫਲ ਰਹੀ । ਡਾ. ਮਨਜੀਤ ਸਿੰਘ ਜੀ ਨੇ ਕਿਹਾ ਕਿ ਓਹਨਾਂ ਨੂੰ ਸੁਝਾਅ ਮਿਲ ਰਹੇ ਹਨ ਕਿ ਇਹ ਕਾਨਫਰੰਸ ਸਾਲਾਨਾ ਤੌਰ ਤੇ ਕਰਵਾਈ ਜਾਵੇ ।

## ਇਸ ਕਾਨਫਰੰਸ ਵਿੱਚ ਵਿਚਾਰੇ ਗਏ ਪੱਤਰ:

- Parhtaal in Sri Guru Granth Sahib: Dr. Tajinder Pal Singh, Khalsa College, Patiala
- ਗੁਰੂ ਨਾਨਕ ਬਾਣੀ ਵਿਚਲੇ ਰਾਗਾਂ ਵਿਚ ਸੁਰਾਂ ਦੇ ਵਕਰ ਚਲਨ ਦਾ ਸਰੂਪਗਤ ਅਧਿਐਨ: Tejinder Kaur, GCW College, Patiala
- Secrets of Sacred Sound: S. Anurag Singh, Independent Researcher, Ludhiana
- Exploring the Rags in the Guru Granth Sahib, A Review of Historical, Folkloric, and Regional Aspects: Sukhmann Kaur and Muktnoor Kaur, Sikh Research Institute (USA)
- Kirtan for the Sangat in the Digital Age: Ek Ong Kaar Khalsa Michaud, Executive Director of SikhNet.com, USA
- Gurmat Sangeet Without Borders: Kanwaljit Singh, Independent Researcher, Director of MiraKle Foundation, New Delhi

- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ: Sukhwinder Singh, Prof. Kartar Singh Gurmat Sangeet Academy, Sri Anandpur Sahib
- ਗੁਰਬਾਣੀ ਸਿਰਲੇਖ ਪ੍ਰਬੰਧ: Dr Gurmail Singh, Head, Guru Gobind Singh Dept. of Religious Studies, Punjabi University, Patiala
- ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗਾਇਨ ਸੈਲੀਆਂ: ਇੱਕ ਸੰਗੀਤਕ ਪਰਿਪੇਖ: Dr Gursimran Kaur, HOD Music Department, SGHS Khalsa College, Ambala
- Mapping Multiplicity, The Complex Soundscape of the Golden Temple: Dr. Janice Protopapas, Ethnomusicologist in Sikh Music, USA
- Celebrating the Female Voice in Gurbani Kirtan: A Journey of Passion and Purpose: Navpreet Kaur (Gaavani), USA

- ਰਬਾਣੀ ਕੀਰਤਨ ਪੁਰਾਤਨ ਪਰੰਪਰਾ: S. Harbhajan Singh Dhariwal, Senior Research Fellow, Nād Music Institute (USA), Gurdaspur
- ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗਾਂ ਸੰਬੰਧੀ ਵੱਖ-ਵੱਖ ਸਰੋਤਾਂ ਵਿਚੋਂ ਪ੍ਰਾਪਤ ਅੰਤਰ ਦ੍ਰਿਸ਼ਟੀਆਂ: Dr. Jaswant Singh, Dr. Sohan Singh, Sikh Research Institute (USA), Mohali
- Gurbani Kirtan Learning Manual: Jasnoor Kaur, Nad Music Institute (USA) Fellow, Dubai
- The Journey of Learning Gurbani Kirtan and Ragas in Guru Granth Sahib: Saleema Khawaja, Gurbani Kirtan Practitioner and Lawyer, Pakistan
- Spiritual Aspects of Kirtan, Raags and Dhuni: Harpreet Singh Khalsa, Edith Cowan University, Australia and Dilmohan Singh, Independent Researcher, Australia

- Technological Advancements in Gurmat Sangeet Education: Gurcharan Singh, Manmeet Singh, Livtaar Gurmat Sangeet Academy, Bangalore
- श्री गुरु ग्रंथ साहिब मेंधुन की प्रासंगिकता: Dr. Paramjeet Kaur, SD College, Ambala
- The Science and Art of Kirtan: Aligning with the Guru's Path: S. Surinder Singh, Founder, Raj Academy, UK
- Musical Hermeneutics of Bhai Vir Singh: Understanding Sabad Kirtan: Dr. Jaswinder Singh, Incharge, Bhai Vir Singh Chair & Gurdial Singh, ICSSR Research Fellow, GGS Dept. of Religious Studies, Punjabi University, Patiala

e-mail: arshdeep.gs@icloud.com

# Bhai Joginder Singh and Bhai Mohinder Singh (Hazoor Sahib)

Dr. Amardev Singh



Bhai Joginder Singh and Bhai Mohinder Singh were legendary figures in the field of music, especially in Kirtan. Music has been in their family for generations as they belong to the Rababi tradition of music dating back a few hundred years. Both brothers were born in Nankana Sahib, which is now in Pakistan.

The older of the two brothers, Bhai Joginder Singh Ji was born in 1940, followed by the birth of Bhai Mohinder Singh Ji in 1944.

Their father, Bhai Tarlochan Singh Mastana served as a Hazoori Raagi in Gurdwara Janam Asthan Nankana Sahib prior to the partition of Punjab in 1947. He was also a renowned 'tabla vadak' and had accompanied the jatha of Bhai Jaswant Singh and Bhai Pal Singh. In one of his recordings, Bhai Pal Singh Ji mentioned that Bhai Tarlochan Singh Mastana would often sit with Akhtari Bai 'Faizabadi' and sing with her. He also said that the singing of Bhai Prithipal Singh and Bhai Mohanpal Singh was inspired by Bhai Tarlochan Singh Ji. It is said that his voice could go well beyond the upper notes of the harmonium.

Going back another generation, Bhai Tarlochan Singh's father, Bhai Kima and uncle, Bhai Molu were accomplished singers as well. They were popularly known as the jatha of 'Molu Kima' and it is said that there is a street named after them in Pakistan. Both Bhai Molu and Bhai Kima became Amritdhari Sikhs and changed their names to Bhai Sant Singh and Bhai Basant Singh respectively. After the partition of Punjab, Bhai Tarlochan Singh Ji and his family settled in Patiala along with three other Rababi

families from Nankana Sahib; Bhai Gurmukh Singh & Sarmukh Singh Fakkar, Bhai Jaswant Singh & Pal Singh and Bhai Mehar Singh Taan. During this time, Bhai Tarlochan Singh Ji got separated from his younger brother, Baba Manga Ji who got left behind in newly formed Pakistan. Sadly, they would never meet again.

Coming back to Bhai Joginder Singh Ji and Bhai Mohinder Singh Ji, they received their 'taleem' from home, mainly from their father. They also went on to learn from Ustad Bade Ghulam Ali Khan of Patiala Gharana. In 1976, Bhai Joginder Singh and Bhai Mohinder Singh accompanied 'Jathedar' Baba Santa Singh Ji of 96 Crori Panth Akali Budha Dal to Sachkhand Sri Hazoor Sahib, Nanded. During this visit, the Sangat of Nanded were so mesmerized by their Kirtan that they were requested to stay on. Since then, their family has been serving Sachkhand Sri Hazoor Sahib.

Bhai Joginder Singh Ji was the jathedar, while Bhai Mohinder Singh Ji used to provide accompaniment on dilruba and vocals. They were initially accompanied on tabla by Bhai Mahinderpal Singh 'Ladoo', and subsequently by their own sons. Bhai Joginder Singh Ji passed away in 1985 at the very young age of 45. After his passing, Bhai Mohinder Singh continued to

perform Kirtan with his sons until he too passed away in 1996. The information above was obtained from Bhai Mohinder Singh Ji's son, Bhai Gurpartap Singh and some details were also taken from the book 'Gurmat Sangeet De Anmol Ratan' by late Bhai Nirmal Singh Khalsa.

One other detail that I would like to share was narrated to me by Bhai Kishanpal Singh Ji and Bhai Gurpartap Singh Ji. Once, when Ustad Salamat Ali Khan of Sham Chaurasi Gharana was visiting Bhai Kishanpal Singh Ji, he listened to a cassette that Bhai Kishanpal Singh Ji had put on. In this cassette, Bhai Joginder Singh and Bhai Mohinder Singh were singing 'Deen Duniya Dar Kamande' in Raag Vachaspati. He listened to the entire recording and at the end, he said that although he has sung the same Raag before, he could not fill the same 'Rang' into the Raag as they had done. It is wonderful to see the respect one artist has for another and the humbleness of an artist of such stature.

**e-mail:** kirtansewamalaysia@gmail.com

# ਰਾਗ ਸ਼ੁੱਧ ਕਲਿਆਨ

ਪ੍ਰੋ. ਗੁਰਬਖਸ਼ ਸਿੰਘ

ਕਲਿਆਨ ਠਾਠ ਦਾ ਓਢਵ ਸੰਪੂਰਨ ਰਾਗ ਸ਼ੁੱਧ ਕਲਿਆਨ ਰਾਤ ਦੇ ਪਹਿਲੇ ਪਹਿਰ ਗਾਇਆ ਜਾਂਦਾ ਹੈ। ਆਰੋਹ ਵਿੱਚ ਮੱਧਯਮ ਅਤੇ ਨਿਖਾਦ ਵਰਜਤ ਹਨ, ਅਵਰੋਹ ਭਾਵੇਂ ਸੰਪੂਰਨ ਮੰਨਿਆ ਜਾਂਦਾ ਹੈ ਪਰ ਨਿਖਾਦ ਅਤੇ ਮੱਧਯਮ ਫੇਰ ਵੀ ਅਤੀ ਅਲਪ ਰਹਿੰਦੇ ਹਨ। ਤੀਵਰ ਮੱਧਯਮ ਤੋਂ ਇਲਾਵਾ ਸਾਰੇ ਸੁਰ ਸ਼ੁੱਧ ਹਨ। ਇਸ ਰਾਗ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਸੁਰ ਧੈਵਤ ਹੈ। ਅਵਰੋਹ ਵਿੱਚ ਤੀਵਰ ਮੱਧਯਮ ਅਤੇ ਨਿਖਾਦ ਨਾ ਲਾ ਕੇ ਵੀ ਸ਼ੁੱਧ ਕਲਿਆਨ ਗਾਇਆ ਜਾ ਸਕਦਾ ਹੈ ਪਰ ਇਹ ਸਾਰੀਆਂ ਸੁਰਾਂ ਰਾਗ ਭੁਪਾਲੀ ਦੀਆਂ ਹੋਣ ਕਰਕੇ ਇਸ ਨੂੰ ਭੁਪਾਲੀ ਤੋਂ ਬਚਾਉਣਾ ਸਿਰਫ ਕੁਸ਼ਲ ਗਾਇਕਾਂ ਦਾ ਹੀ ਕੰਮ ਹੈ। ਸ਼ੁੱਧ ਕਲਿਆਨ ਵਿੱਚ ਪੰਚਮ ਅਤੇ ਰਿਖਬ ਦੀ ਸੰਗਤ ਇਸ ਰਾਗ ਨੂੰ ਭੁਪਾਲੀ ਨਾਲੋਂ ਨਿਖੇੜਦੀ ਹੀ ਨਹੀਂ ਸਗੋਂ ਸੁੰਦਰ ਵੀ ਬਣਾਉਂਦੀ ਹੈ।

**ਚਾਲ :** [ਸ]ਗ – [ਗ]ਰ – ਸ ਰ ਸ, ਸ ਧ਼ ਪ਼ ਧ਼ ਪ਼ ਸ, ਸ ਰ – ਸ, ਸ [ਨ]ਧ਼ – ਸ, ਸ ਰ ਗ – [ਗ]ਪ ਗ – ਰ – ਸ ਰ – ਸ, [ਗ]ਰ – ਸ ਗ – ਰ ਗ ਪ ਧ ਪ [ਮ॑]ਗ – [ਗ]ਰ ਗ – ਰ – ਸ, ਸ [ਗ]ਰ [ਗ]ਰ ਗ – ਧ ਪ [ਮ॑]ਗ – ਪ ਗ – ਪ ਰ – ਸ ਰ ਸ, ਗ ਪ ਗ – ਧ ਪ ਗ – ਨ ਧ ਪ [ਮ॑]ਗ – [ਗ]ਰ – ਸ, ਗ ਪ [ਸੰ]ਧ ਸੰ – ਸੰ ਰੰ ਸੰ – ਸੰ ਨ ਧ ਪ ਮ॑ ਗ ਰ – ਪ ਰ – ਸ ਰ ਸ।

## ਸ਼ੁੱਧ ਕਲਿਆਨ (ਤਿੰਨ ਤਾਲ)

**ਸਤਿਗੁਰ ਨਾਨਕ ਦੇਉ ਹੈ ਪਰਮੇਸਰੁ ਸੋਈ॥**
**ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ॥**
**ਅਮਰਾਪਦੁ ਗੁਰੁ ਅੰਗਦਹੁੰ ਹੁਇ ਜਾਣੁ ਜਣੋਈ॥**
**ਗੁਰੁ ਅਮਰਹੁੰ ਗੁਰ ਰਾਮਦਾਸ ਅੰਮ੍ਰਿਤ ਰਸੁ ਭੋਈ॥**
**ਰਾਮਦਾਸਹੁੰ ਅਰਜਨ ਗੁਰੂ ਗੁਰੁ ਸਬਦ ਸਥੋਈ॥**
**ਹਰਿਗੋਵਿੰਦ ਗੁਰੁ ਅਰਜਨਹੁੰ ਗੁਰੁ ਗੋਵਿੰਦੁ ਹੋਈ॥**
**ਗੁਰਮੁਖਿ ਸੁਖਫਲ ਪਿਰਮ ਰਸੁ ਸਤਿਸੰਗ ਅਲੋਈ॥**
**ਗੁਰੁ ਗੋਵਿੰਦਹੁੰ ਬਾਹਿਰਾ ਦੂਜਾ ਨਹੀ ਕੋਈ ॥ (ਭਾਈ ਗੁਰਦਾਸ)**

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ | ਪ | ਰ | ਰ | – | ਸ | ਸ | ਧ਼ | ਸਸ | – | ਰ | – | ਗ | – | – | – |
| ਸ | ਤ | ਗੁ | ਰ | ऽ | ਨਾ | ਨ | ਕ | ਦੇਉ | ऽ | ऽ | ऽ | ਹੈ | ऽ | ऽ | ऽ |
| ਪ | ਪ | [ਮ॑]ਗ | – | – | ਪ | – | ਪ | [ਨ]ਧ | – | – | – | ਪ | – | [ਮ॑]ਗ | – |
| ਪ | ਰ | ਮੇ | ऽ | ऽ | ਸ | ऽ | ਰ | ਸੋ | ऽ | ऽ | ऽ | ਈ | ऽ | ऽ | ऽ |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ | ਪ | ਰ | ਰ | – | ਸ | ਸ | ਰ | ਸੁਸੁ | – | ਰ | – | ਸ | – | – | – |
| ਸ | ਤ | ਗੁ | ਰ | ऽ | ਨਾ | ਨ | ਕ | ਦੇਉ | ऽ | ऽ | ऽ | ਹੈ | ऽ | ऽ | ऽ |
| 0 | | | | 3 | | | | x | | | | 2 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਪ | ਪ | ਗ | – | ਪ | ਪ | (ਨ)ਧ | (ਨ)ਧ | ਸਂ | – | – | ਰਂ | ਸਂ | – | – | – |
| ਗੁ | ਰ | ਅੰ | ऽ | ਗ | ਦ | ਗੁ | ਰ | ਅੰ | ऽ | ऽ | ਗ | ਤੇ | ऽ | ऽ | ऽ |
| ਸਂ | – | (ਰਂ)ਗਂ | ਰਂ | ਸਂ | ਨ | ਧ | ਪ | (ਮ)ਪ | – | ਰ | – | ਗ | – | – | – |
| ਜੋ | ऽ | ਤੀ | ऽ | ऽ | ਜੋ | ਤ | ਸ | ਮੋ | ऽ | ऽ | ऽ | ਈ | ऽ | ऽ | ऽ |
| ਸ | ਸ | (ਨ)ਧ਼ | – | – | ਸ | – | ਸ | ਰ | – | – | ਸ | ਸ | – | ਰ | ਗ |
| ਪ | ਰ | ਮੇ | ऽ | ऽ | ਸ | ऽ | ਰ | ਸੋ | ऽ | ऽ | ऽ | ਈ | ऽ | ऽ | ऽ |
| ਗ | ਪ | ਰ | ਰ | | | | | | | | | | | | |
| ਸ | ਤ | ਗੁ | ਰ | | | | | | | | | | | | |
| 0 | | | | 3 | | | | x | | | | 2 | | | |

**Surlipi Creator:** Prof. Gurbux Singh
**e-mail:** gurbuxsingh@gmail.com

# ਰਾਗੁ ਆਸਾ

*(ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਮੁੱਖ ੩੧ ਰਾਗੁ ਅਤੇ ਕੀਰਤਨ ਬੰਦਿਸ਼ਾਂ, ਛਪਾਈ ਅਧੀਨ ਕਿਤਾਬ ਵਿੱਚੋਂ, ਲੇਖਕ: ਪ੍ਰੋ. ਹਰਭਜਨ ਸਿੰਘ ਧਾਰੀਵਾਲ)*

ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ

(ਸੀਨੀਅਰ ਰਿਸਰਚ ਫੈਲੋ, ਨਾਦ ਮਿਉਜਿਕ ਇੰਸਟੀਟਿਊਟ, ਅਮਰੀਕਾ)

ਰਾਗ ਆਸਾ ਨੂੰ ਸ੍ਰੀ ਗੁਰੁ ਗ੍ਰੰਥ ਸਾਹਿਬ ਵਿੱਚ ਪ੍ਰਯੋਗ ਹੋਏ ਪ੍ਰਮੁੱਖ ੩੧ ਰਾਗਾਂ ਵਿੱਚੋਂ ਚੌਥਾ ਸਥਾਨ ਪ੍ਰਾਪਤ ਹੈ। ਪਾਵਨ ਅੰਗ ੩੪੭ ਤੋਂ ੪੮੮ ਤਕ ਰਾਗ ਆਸਾ ਵਿੱਚ ਗੁਰੂ ਨਾਨਕ ਦੇਵ ਜੀ ਦੇ ੬੯ ਸਬਦ ਅਤੇ ਇੱਕ ਵਾਰ, ਗੁਰੂ ਅਮਰ ਦਾਸ ਜੀ ਦੇ ੩੧ ਸਬਦ, ਗੁਰੂ ਰਾਮਦਾਸ ਜੀ ਦੇ ੩੧ ਸਬਦ, ਗੁਰੂ ਅਰਜਨ ਦੇਵ ਜੀ ਦੇ ੧੯੩ ਸਬਦ, ਗੁਰੂ ਤੇਗ ਬਹਾਦੁਰ ਜੀ ਦਾ ਇੱਕ ਸਬਦ ਅਤੇ ਇਸ ਤੋਂ ਇਲਾਵਾ ਕਬੀਰ ਜੀ ਦੇ ੩੭ ਸਬਦ, ਨਾਮਦੇਵ ਜੀ ਦੇ ੨ ਸਬਦ, ਰਵਿਦਾਸ ਜੀ ਦੇ ੬ ਸਬਦ, ਧੰਨਾ ਜੀ ਦੇ ੩ ਸਬਦ, ਫਰੀਦ ਜੀ ਦੇ ੨ ਸਬਦ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਗੁਰੂ ਨਾਨਕ ਦੇ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਸ੍ਰੋਮਣੀ ਭਗਤ ਕਬੀਰ ਜੀ ਦੇ ਵਧੇਰੇ ਸਬਦ ਰਾਗ ਆਸਾ ਵਿੱਚ ਹੀ ਮਿਲਦੇ ਹਨ।

ਪੁਰਾਤਨ ਕੀਰਤਨੀਏ ਰਾਗ ਆਸਾ ਨੂੰ ਮੌਲਿਕ ਅੰਗ ਤੋਂ ਇਲਾਵਾ ਵੱਖ ਵੱਖ ਅੰਗਾਂ ਵਿੱਚ ਬਾਖੂਬੀ ਨਾਲ ਗਾਇਨ ਕਰਦੇ ਸਨ। ਰਾਗ ਆਸਾ ਦੇ ਹੋਰ ਅਨੇਕਾਂ ਪ੍ਰਕਾਰ ਪ੍ਰਚਲਤ ਹਨ ਜਿਵੇਂ – ਆਸਾ ਪਹਾੜੀ, ਆਸਾ ਬਿਲਾਵਲ, ਆਸਾ ਕਲਿਆਣ, ਆਸਾ ਕਾਫੀ, ਆਸਾ ਟੋਡੀ ਅਤੇ ਆਸਾਕਲੀ ਆਦਿ।

ਕੁੱਝ ਵਿਦਵਾਨਾਂ ਦਾ ਵਿਚਾਰ ਹੈ ਕਿ ਰਾਗ ਆਸਾ ਗੁਰੂ ਨਾਨਕ ਦੇਵ ਜੀ ਈਜ਼ਾਦ ਹੈ ਪਰ ਇਹ ਵਿਚਾਰ ਖੋਜ ਦੇ ਦ੍ਰਿਸ਼ਟੀਕੋਣ ਤੋਂ ਸਹੀ ਨਹੀ ਲਗਦਾ ਕਿਉਂ ਕਿ ਇਸ ਰਾਗ ਵਿੱਚ ਬਾਬਾ ਸ਼ੇਖ ਫਰੀਦ, ਕਬੀਰ ਜੀ, ਨਾਮਦੇਵ ਜੀ, ਧੰਨਾ ਜੀ ਅਤੇ ਰਵਿਦਾਸ ਜੀ ਦੀ ਬਾਣੀ ਨੇ ਰਾਗ ਆਸਾ ਵਿੱਚ ਮਿਲਦੀ ਹੈ ਜੋ ਗੁਰੁ ਨਾਨਕ ਦੇਵ ਜੀ ਦੇ ਸਮੇਂ ਤੋਂ ਕਾਫੀ ਸਮਾਂ ਪਹਿਲਾਂ ਹੋਏ ਹਨ। ੮-੯ਵੀਂ ਸਦੀ ਵਿੱਚ ਵੀ

ਨਾਥ ਜੋਗੀਆਂ ਵਲੋਂ ਇਸ ਰਾਗ ਦਾ ਪ੍ਰਯੋਗ ਹੁੰਦਾ ਰਿਹਾ ਹੈ। ਪੰਜਾਬ ਦੇ ਰਿਆਸਤੀ ਯੋਧਿਆਂ ਦੀਆਂ ਵਾਰਾਂ ਵੀ ਰਾਗ ਆਸਾ ਗਾਇਨ ਹੁੰਦੀਆਂ ਰਹੀਆਂ ਹਨ। ਗੁਰੂ ਸਾਹਿਬ ਨੇ ਵੀ 'ਵਾਰ ਆਸਾ' ਨੂੰ ਟੁੰਡੇ ਅਸ ਰਾਜੇ ਦੀ ਵਾਰ ਦੀ ਧੁੰਨ ਤੇ ਗਾਇਨ ਕਰਨ ਦੀ ਹਦਾਇਤ ਕੀਤੀ ਹੈ ਜੋ ਰਾਗ ਆਸਾ ਵਿੱਚ ਹੀ ਪੰਜਾਬ ਦੇ ਢਾਡੀਆਂ ਵਲੋਂ ਗਾਇਨ ਕੀਤੀ ਜਾਂਦੀ ਸੀ। ਭਾਵ ਕਿ ਰਾਗ ਆਸਾ ਪੁਰਾਤਨ ਸਮੇਂ ਤੋਂ ਹੀ ਪੁਰਾਤਨ ਪੰਜਾਬ ਵਿੱਚ ਹੀ ਨਹੀਂ ਸਗੋਂ ਭਾਰਤ ਦੇ ਵੱਖ ਵੱਖ ਖਿਤਿਆ ਵਿੱਚ ਵੀ ਪ੍ਰਚਲਤ ਸੀ।

ਦਉਧਰ ਟਕਸਾਲ, ਡਮੇਲੀ ਟਕਸਾਲ, ਕਲੇਰਾਂਵਾਲਾ ਟਕਸਾਲ, ਰਕਾਬਗੰਜ ਟਕਸਾਲ, ਸੈਂਟਰਲ ਯਤੀਮਖਾਨਾਂ, ਠੱਠਾ ਟਿੱਬਾ ਸੈਦਪੁਰ ਟਕਸਾਲ, ਤਰਨਤਾਰਨ ਦੀ ਟਕਸਾਲ ਆਦਿ ਨਾਲ ਸਬੰਧਿਤ ਕੀਰਤਨੀਏ ਰਾਗ ਆਸਾ ਦੇ ਸਬਦਾਂ ਨੂੰ ਸਵਾਰੀ ਪੰਜਤਾਲ ਦੀ, ਜੈ ਤਾਲ, ਮਤ ਤਾਲ, ਅਸੂਲ-ਏ-ਫ਼ਾਖਤਾ, ਪਸ਼ਤੋ, ਚੌਤਾਲੇ ਦੀ ਸਵਾਰੀ ਅਤੇ ਆੜਾ ਚੌਤਾਲਾ ਆਦਿ ਕਠਿਨ ਤਾਲਾਂ ਵਿੱਚ ਬਾਖੂਬੀ ਨਾਲ ਗਾਇਨ ਕਰਦੇ ਸਨ।

ਰਾਗ ਆਸਾ ਪੁਰਾਤਨ ਮਹਾਂ ਪੰਜਾਬ ਵਿੱਚ ਪ੍ਰਸਿੱਧ ਅਤੇ ਮਿੱਠਾ ਰਾਗ ਮੰਨਿਆ ਜਾਂਦਾ ਸੀ। ਕੀਰਤਨ ਪਰੰਪਰਾ ਤੋਂ ਇਲਾਵਾ ਲੋਕ ਸੰਗੀਤ, ਅਰਧ ਸ਼ਾਸਤਰੀ ਸੰਗੀਤ ਅਤੇ ਫਿਲਮੀ ਸੰਗੀਤ ਵਿੱਚ ਰਾਗ ਆਸਾ ਦਾ ਪ੍ਰਯੋਗ ਮਿਲਦਾ ਹੈ। ਇਸ ਰਾਗ ਦੀ ਤਾਸੀਰ ਭਗਤੀ ਰਸ, ਸ਼ਿਗਾਰ ਰਸ ਅਤੇ ਕਰੁਣਾਂ ਰਸ ਆਦਿ ਦੇ ਭਾਵ ਪ੍ਰਗਟਾਉਂਦੀ ਹੈ।

ਮਾਸਟਰ ਭਾਈ ਪ੍ਰੇਮ ਸਿੰਘ 'ਰਤਨ ਸੰਗੀਤ ਭੰਡਾਰ' ਵਿੱਚ ਲਿਖਦੇ ਹਨ ਕਿ ਰਾਗ ਆਸਾ- ਸਿਰੀ ਰਾਗ ਅਤੇ ਮਾਰੂ ਰਾਗ ਦੇ ਸੁਮੇਲ ਤੋਂ ਰਾਗ ਆਸਾ ਪੈਦਾ ਹੁੰਦਾ ਹੈ ਜਿਸ ਕਰਕੇ ਇਂਹ ਸੰਧੀ ਪ੍ਰਕਾਸ਼ ਰਾਗਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ ਜਿਸ ਨੂੰ ਸਵੇਰੇ ਅਤੇ ਸ਼ਾਮ ਵੇਲੇ ਗਾਇਆ ਵਜਾਇਆ ਜਾਂਦਾ ਹੈ। ਅੰਮ੍ਰਿਤ ਵੇਲੇ 'ਵਾਰ ਆਸਾ' ਨੂੰ ਸਿਰਲੇਖ ਅਨੁਸਾਰ ਰਾਗ ਆਸਾ ਵਿੱਚ ਹੀ ਗਾਇਨ ਕਰਨ ਦੀ ਤਾਕੀਦ ਹੈ ਪਰ ਅਜੋਕੇ ਸਮੇਂ ਦੇ ਕੀਰਤਨੀਏ 'ਵਾਰ ਆਸਾ' ਨੂੰ ਆਸਾ ਰਾਗ ਤੋਂ ਆਰੰਭ ਕਰਕੇ ਹੋਰ ਅਨੇਕਾਂ ਰਾਗਾਂ ਵਿੱਚ ਗਾਇਨ ਕਰਦੇ ਹਨ ਜੋ ਗੁਰਬਾਣੀ ਕੀਰਤਨ

ਪਰੰਪਰਾ ਦੇ ਅਨੁਕੂਲ ਨਹੀਂ ਹੈ। ਸ਼ਾਮ ਵੇਲੇ ਸੋ ਦਰ ਦੀ ਚੌਕੀ ਵੀ ਰਾਗ ਆਸਾ ਵਿੱਚ ਗਾਇਨ ਕੀਤੀ ਜਾਂਦੀ ਹੈ। ਸ਼ਾਮ ਵੇਲੇ ਰਾਗ ਆਸਾ ਨੂੰ ਪੁਰਾਤਨ ਕੀਰਤਨੀਏ ਕਲਿਆਣ ਅੰਗ ਨਾਲ ਵੀ ਗਾਉਂਦੇ ਰਹੇ ਹਨ।

## ਰਾਗ ਆਸਾ ਦਾ ਸਰੂਪ

**ਥਾਟ:** ਬਿਲਾਵਲ **ਸਵਰ:** ਸਾਰੇ ਸ਼ੁਧ

**ਵਰਜਿਤ ਸਵਰ:** ਗ ਅਤੇ ਨੀ ਆਰੋਹ ਵਿੱਚ **ਜਾਤੀ:** ਔੜਵ-ਸੰਪੂਰਨ

**ਵਾਦੀ:** ਮ **ਸੰਵਾਦੀ:** ਸਂ

**ਗਾਇਨ ਸਮਾਂ:** ਸਵੇਰ ਅਤੇ ਸ਼ਾਮ ਦਾ ਪਹਿਲਾ ਪਹਿਰ

**ਆਰੋਹ:** ਸ, ਰੇ ਮ, ਪ ਧ, ਸਂ **ਅਵਰੋਹ:** ਸਂ ਨੀ ਧ ਪ, ਮ ਗ, ਰੇ ਗ, ਸ

**ਮੁੱਖ ਅੰਗ:** ਪ ਧ ਪ ਮ ਗ ਰੇ ਸ ਰੇ ਗ ਸ

## ਆਸਾ ਭਗਤ ਕਬੀਰ ਜੀ (੪੭੮)

ਸੁਤੁ ਅਪਰਾਧ ਕਰਤ ਹੈ ਜੇਤੇ॥ ਜਨਨੀ ਚੀਤਿ ਨ ਰਾਖਸਿ ਤੇਤੇ ॥੧॥

ਰਾਮਈਆ ਹਉ ਬਾਰਿਕੁ ਤੇਰਾ॥ ਕਾਹੇ ਨ ਖੰਡਿਸ ਅਵਗਨੁ ਮੇਰਾ॥੧॥ ॥

ਜੇ ਅਤਿ ਕ੍ਰੋਪ ਕਰੇ ਕਰਿ ਧਾਇਆ॥ ਤਾ ਭੀ ਚੀਤਿ ਨ ਰਾਖਸਿ ਮਾਇਆ॥੨॥

ਚਿੰਤ ਭਵਨਿ ਮਨੁ ਪਰਿਉ ਹਮਾਰਾ॥ ਨਾਮ ਬਿਨਾ ਕੈਸੇ ਉਤਰਸਿ ਪਾਰਾ॥੩॥

ਦੇਹਿ ਬਿਮਲ ਮਤਿ ਸਦਾ ਸਰੀਰਾ॥ ਸਹਿਜ ਸਹਿਜ ਗੁਨ ਰਵੈ ਕਬੀਰਾ॥੪॥

## ਰਾਗ: ਆਸਾ      ਤਾਲ: ਚੌਤਾਲ

| X | | ੦ | | ੨ | | ੦ | | ੩ | | ੪ | |
|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ |
| | | | | ਸਥਾਈ: | | | ਗ | ਰੇਗ | ਰੇ | ਸ | ਸ |
| | | | | | | | ਰਾ | ਮਈ | ਆ | ਹ | ਉ |
| ਮ | ਮ | - | ਪ | ਮ | ਮ | - | ਪ | ਧਨੀ | ਧ | ਪ | ਪ |
| ਬਾ | ਰਿਕ | - | ਤੇ | ਰਾ | – | - | ਕਾਹੇ | ਨ | ਖੰ | ਡ | ਸਿ |
| ਧ | ਪਮ | - | ਗਰੇ | ਸ | ਸ | | | | | | |
| ਅਵ | ਗਨੁ | – | ਮੇ– | ਰਾ | – | | | | | | |
| | | | | | | - | ਮ | ਪ | ਪ | ਧ | ਪਧ |
| | | | | | | | ਸੁਤੁ | ਅ | ਪ | ਰਾ | ਧ– |
| ਸੰ | ਸੰ | - | ਧ | ਰੇਂ | ਸੰ | - | ਸੰ | ਰੇਂਗਂ | ਰੇਂ | ਸੰ | ਸੰ |
| ਕਰ | ਤਹੈ | - | ਜੇ | ਤੇ | – | - | ਜਨ | ਨੀ– | ਚੀ | ਤਿ | ਨ |
| ਨੀ | ਧਪ | | | ਸੰ | ਸੰ | | | ਧਨੀ | ਧ | ਪ | ਪ |
| ਰਾ | ਖਸਿ | – | ਪਧ | ਤੇ | – | – | ਪ | ਨੀ– | ਚੀ | ਤਿ | ਨ |
| | | – | ਤੇ– | | | – | ਜਨ | | | | |
| ਧ | ਪਮ | | | ਸ | ਸ | | | | | | |
| ਰਾ | ਖਸਿ | – | ਗਰੇ | ਤੇ | – | | | | | | |
| | | – | ਤੇ– | | | | | | | | |

# ਚਕਰਦਾਰ ਗਤਾਂ-ਤਿੰਨ ਤਾਲ

ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ

(ਲਾਹੌਰ ਬਾਜ, ਪੰਜਾਬ ਘਰਾਣਾ)

ਤਬਲਾ ਸਿੱਖਿਆਰਥੀਆਂ ਲਈ ਸਾਧਾਰਨ ਚਕਰਦਾਰ ਗਤਾਂ ਦੇ ਰਿਹਾ ਹਾਂ। ਬੋਲਾਂ ਦੇ ਨਿਕਾਸ ਜਾਂ ਹੋਰ ਵਧੇਰੇ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ ਵਟਸਐਪ ਨੰ: +91-9814349658 ਤੇ ਮੈਸਿਜ ਕਰ ਸਕਦੇ ਹਨ।

**ਚਕਰਦਾਰ ਗਤ:** ੧੦ ਮਾਤ੍ਰਾ ਦੇ ਕਿਸੇ ਵੀ ਟੁਕੜੇ ਨੂੰ 'ਧਾ' ਸਹਿਤ ਤਿੰਨ ਵਾਰ ਵਜਾਉਣ ਤੇ ਜਦੋਂ ਅਖ਼ੀਰਲਾ 'ਧਾ' ਸਮ ਗ੍ਰਹਿਣ ਕਰੇ ਤਾਂ ਅਜਿਹੀ ਬੰਦਿਸ਼ ਨੂੰ ਚਕਰਦਾਰ ਗਤ ਕਿਹਾ ਜਾਂਦਾ ਹੈ। ਚਕਰਦਾਰ ਗਤਾਂ ਦੇ ਅਨੇਕਾਂ ਪ੍ਰਕਾਰ ਹੁੰਦੇ ਹਨ ਜਿਵੇਂ- ਸਧਾਰਨ ਚਕਰਦਾਰ, ਫ਼ਰਮਾਇਸ਼ੀ ਚਕਰਦਾਰ ਅਤੇ ਕਮਾਲੀ ਚਕਰਦਾਰ ਗਤ ਆਦਿ। ਇੱਥੇ ੫ ਸਧਾਰਨ ਚਕਰਦਾਰ ਗਤਾਂ ਦੇ ਰਿਹਾ ਹਾਂ ।

੧. ਧਿਟਤਿਟ ਤਾਕੇਤਿਟ ਕਿੜਧੇਤਿਟ ਕਤਾ-ਨ੍ ਧਾ-ਤਿਟ
ਕਿੜਧੇਤਿਟ ਕਤਾ-ਨ੍ ਧਾ-ਤਿਟ
ਕਿੜਧੇਤਿਟ ਕਤਾ-ਨ੍ ਧਾ---, ਧਿਟਤਿਟ ਤਾਕੇਤਿਟ
ਕਿੜਧੇਤਿਟ ਕਤਾ-ਨ੍ ਧਾ-ਤਿਟ
ਕਿੜਧੇਤਿਟ ਕਤਾ-ਨ੍ ਧਾ-ਤਿਟ ਕਿੜਧੇਤਿਟ ਕਤਾ-ਨ੍ ਧਾ---, ਧਿਟਤਿਟ ਤਾਕੇਤਿਟ
ਕਿੜਧੇਤਿਟ ਕਤਾ-ਨ੍ ਧਾ-ਤਿਟ ਕਿੜਧੇਤਿਟ ਕਤਾ-ਨ੍ ਧਾ-ਤਿਟ ਕਿੜਧੇਤਿਟ ਕਤਾ-ਨ੍। ਧਾ—

੨. ਤਿਟਤਿਟ ਤਿਟਤਿਟ ਘਿੜਨਗ ਤਿਕਕੜਾ-ਨ੍ ਧਾ-ਤਿਟ ਘਿੜਨਗ ਤਿਕਕੜਾ-ਨ੍ ਧਾ-ਤਿਟ
ਘਿੜਨਗ ਤਿਕਕੜਾ-ਨ ਧਾ---, ਤਿਟਤਿਟ ਤਿਟਤਿਟ ਘਿੜਨਗ ਤਿਕਕੜਾ-ਨ੍ ਧਾ-ਤਿਟ
ਘਿੜਨਗ ਤਿਕਕੜਾ-ਨ੍ ਧਾ-ਤਿਟ ਘਿੜਨਗ ਤਿਕਕੜਾ-ਨ ਧਾ---, ਤਿਟਤਿਟ ਤਿਟਤਿਟ
ਘਿੜਨਗ ਤਿਕਕੜਾ-ਨ੍ ਧਾ-ਤਿਟ ਘਿੜਨਗ ਤਿਕਕੜਾ-ਨ੍ ਧਾ-ਤਿਟ ਘਿੜਨਗ ਤਿਕਕੜਾ-ਨ । ਧਾ---

੩. ਪਿਟਤਿਟ ਪਿਟਤਿਟ ਕਿਟਧਾ- ਨ੍ਧਾ-ਨ੍ ਧਾ--- ਕਿਟਧਾ- ਨ੍ਧਾ-ਨ੍ ਧਾ--- ਕਿਟਧਾ-
ਨਧਾ-ਨ ਧਾ---, ਪਿਟਤਿਟ ਪਿਟਤਿਟ ਕਿਟਧਾ- ਨ੍ਧਾ-ਨ੍ ਧਾ--- ਕਿਟਧਾ- ਨ੍ਧਾ-ਨ੍
ਧਾ--- ਕਿਟਧਾ- ਨ੍ਧਾ-ਨ੍ ਧਾ---, ਪਿਟਤਿਟ ਪਿਟਤਿਟ ਕਿਟਧਾ- ਨਧਾ-ਨ ਧਾ---

ਕਿਟਧਾ- ਨ੍ਧਾ-ਨ੍ ਧਾ--- ਕਿਟਧਾ- ਨ੍ਧਾ-ਨ੍ । ਧਾ---

੪. ਤਿਰਕਿਟਨਕਤਕ ਤਿਰਕਿਟਧਾੜ ਧਾਤਿਰਕਿਤਕ ਤਿਰਕਿਟਧਾੜ ਧਾ-ਕਤ੍ ਧਾਤਿਰਕਿਟਤਕ
ਤਿਰਕਿਟਧਾੜ ਧਾ-ਕਤ੍ ਧਾਤਿਰਕਿਟਤਕ ਤਿਰਕਿਟਧਾੜ ਧਾ--, ਤਿਰਕਿਟਨਕਤਕ ਤਿਰਕਿਟਧਾੜ
ਧਾਤਿਰਕਿਤਕ ਤਿਰਕਿਟਧਾੜ ਧਾ-ਕਤ੍ ਧਾਤਿਰਕਿਟਤਕ ਤਿਰਕਿਟਧਾੜ ਧਾ-ਕਤ੍ ਧਾਤਿਰਕਿਟਤਕ

ਤਿਰਕਿਟਧਾੜ ਧਾ--, ਤਿਰਕਿਟਨਕਤਕ ਤਿਰਕਿਟਧਾੜ
ਧਾਤਿਰਕਿਤਕ ਤਿਰਕਿਟਧਾੜ ਧਾ-ਕਤ੍
ਧਾਤਿਰਕਿਟਤਕ ਤਿਰਕਿਟਧਾੜ ਧਾ-ਕਤ੍ ਧਾਤਿਰਕਿਟਤਕ
ਤਿਰਕਿਟਧਾੜ । ਧਾ---

੫. ਤਕਤਿਰਕਿਟਤਕ ਘਿਰਘਿਰਕਿਟਤਕ ਘਿਰਘਿਰਕਿਟਤਕ ਤਕਕੜਾ-ਨ੍
ਧਾ-ਕਤ ਘਿਰਘਿਰਕਿਟਤਕ
ਤਕ੍ਕੜਾ-ਨ੍ ਧਾ-ਕਤ ਘਿਰਘਿਰਕਿਟਤਕ ਤਕ੍ਕੜਾ-ਨ ਧਾ---,
ਤਕਤਿਰਕਿਟਤਕ ਘਿਰਘਿਰਕਿਟਤਕ
ਘਿਰਘਿਰਕਿਟਤਕ ਤਕਕੜਾ-ਨ੍ ਧਾ-ਕਤ ਘਿਰਘਿਰਕਿਟਤਕ
ਤਕ੍ਕੜਾ-ਨ੍ ਧਾ-ਕਤ ਘਿਰਘਿਰਕਿਟਤਕ
ਤਕ੍ਕੜਾ-ਨ ਧਾ---, ਤਕਤਿਰਕਿਟਤਕ ਘਿਰਘਿਰਕਿਟਤਕ
ਘਿਰਘਿਰਕਿਟਤਕ ਤਕ੍ਕੜਾ-ਨ੍ ਧਾ-ਕਤ
ਘਿਰਘਿਰਕਿਟਤਕ ਤਕ੍ਕੜਾ-ਨ੍ ਧਾ-ਕਤ੍ ਘਿਰਘਿਰਕਿਟਤਕ
ਤਕ੍ਕੜਾ-ਨ । ਧਾ---

#੩੪੦, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ
ਜਿਲ੍ਹਾ: ਗੁਰਦਾਸਪੁਰ, ਪੰਜਾਬ (ਭਾਰਤ)
ਫੋਨ: +91-9814349658

आत्मनिर्भर भारत
MAKE IN INDIA
ALP® AEROFLEX®

# AEROFLEX®

## The Ideal EPDM Thermal Insulation for HVAC & R



- Closed cell elastomeric foam
- Temp. range: -70˚C to 150˚C
- Excellent Fire resistance
- Least Smoke Density & Toxicity
- Non-polar
- CFC/ HCFC free
- Low thermal conductivity
- Anti-microbial
- Non-corrosive

**AEROFLEX® EPDM Closed cell structure elastomeric foam**

Being halogen-free makes Aeroflex EPDM the most suitable choice of insulation for all types of projects as it has the least smoke density and toxicity with excellent fire resistance properties. With its anti-microbial and nonpolar properties, it ensures no moisture ingress or microbial contamination. EPDM is extremely durable and flexible in nature and has the widest working range of temperature, which makes it the most suitable choice of insulation for all HVAC & R applications. Not only is it CFC, HCFC, dust & nitrosamine free, but also eco-friendly by nature.

UL 94 | ASTM E84/D635/ G154/ C534 | RoHS | FDA | DIN | IMO INTERNATIONAL MARITIME ORGANIZATION | MEMBER | UL GREENGUARD

+91-124-4731500 | marketing@alpaeroflex.com | www.alpaeroflex.com